# PIYA TE PAPHIA

(A collection of Poetry)

By

***Jarnail Singh Accharwal***

V.P.O. Acharwal. TEH. RAIKOT,

DISTT. LUDHIANA Ph. 01624 - 51570

## ਕਵਿਤਾ

ਇੱਕ ਯੁੱਗ ਕਵਿਤਾ ਨੂੰ
ਜਨਮ ਦਿੰਦਾ ਹੈ
ਤੇ
ਕਵਿਤਾ ਇੱਕ ਯੁੱਗ ਨੂੰ।
ਕਵਿਤਾ ਦਾ ਸਫ਼ਰ
ਕਦੇ ਮੁੱਕਦਾ ਨਹੀਂ
ਇਸ ਦੀ ਸ਼ੁਰੂਆਤ ਤਾਂ ਹੈ
ਪਰ ਅੰਤ ਨਹੀਂ।
ਕਵਿਤਾ ਪ੍ਰੇਮਿਕਾ ਦੇ
ਨੈਣਾਂ ਵਿੱਚ
ਸ਼ਰਾਬ ਦੇ ਕਟੋਰੇ ਵਰਗੀ ਵੀ ਹੁੰਦੀ ਹੈ
ਤੇ
ਸਰਦੀ ਦੀ ਰੁੱਤ ਵਿੱਚ
ਮਜ਼ਦੂਰ ਦੇ ਬੱਚੇ ਦੇ
ਉੱਧੜੇ ਹੋਏ ਝੁੱਗੇ ਵਰਗੀ ਵੀ।
ਇੱਕ ਯੁੱਗ
ਕਵਿਤਾ ਨੂੰ ਜਨਮ ਦਿੰਦਾ ਹੈ
ਤੇ ਕਵਿਤਾ
ਇੱਕ ਯੁੱਗ ਨੂੰ।
✪

## ਪੀਆ ਤੇ ਪਪੀਹਾ

ਮੌਸਮ ਤਾਂ ਬਹਾਰ ਹੈ
ਕਣਕਾਂ ਤੇ ਨਿਖਾਰ ਹੈ
ਫ਼ਸਲ ਬੇ-ਸ਼ੁਮਾਰ ਹੈ
ਬੱਲੀਆਂ ਦੀ ਭਰਮਾਰ ਹੈ
ਇਹ ਤਾਂ ਉਹ ਰੁੱਤ ਹੈ
ਨਾ ਉਦਾਸੀ ਹੈ ਨਾ ਚੁੱਪ ਹੈ

ਸਰ੍ਹੋਂ ਵਾਂ ਤੇ ਕਣਕਾਂ ਨਿੱਸਰੀਆਂ
ਜਿਉਂ ਅੱਲੜ੍ਹ ਮੁਟਿਆਰ ਦੀਆਂ
ਸਧਰਾਂ ਪਈਆਂ ਬਿੱਖਰੀਆਂ
ਹਵਾ ਦੇ ਵਿੱਚ ਇਸ ਤਰਾਂ
ਲਸਰਾਂ ਨੇ ਲਹਿਰਾਉਂਦੀਆਂ
ਜਿਉਂ ਝਨਾਂ ਦੇ ਵਿੱਚ ਨੇ
ਸੋਹਣੀਆਂ ਤਾਰੀ ਲਾਉਂਦੀਆਂ।
ਕਣਕਾਂ ਦੀਆਂ ਬੱਲੀਆਂ ਤੇ
ਚਿੜੀਆਂ ਨੇ ਆਕੇ ਬਹਿੰਦੀਆਂ
ਨਾਲੇ ਨੇ ਚੋਗ ਚੁਗੇਂਦੀਆਂ
ਨਾਲੇ ਨੇ ਕੁੱਝ ਕਹਿੰਦੀਆਂ
"ਜਿਉਂਦੀਆਂ ਰਹੋ ਨੀ ਕਣਕੋ
ਅਸੀਂ ਥੋਡੇ ਤੇ ਜਿਉਂਦੀਆਂ"
ਸਰ੍ਹੋਂ ਵਾਂ ਦੇ ਤਾਂ ਫੁੱਲ ਜਿਉਂ
ਬਣ ਸੋਨਾ ਨੇ ਚਮਕਦੇ
ਸੱਜ ਵਿਆਹੀ ਮੁਟਿਆਰ ਦੇ
ਜਿਉਂ ਕੰਨੀ ਬੂੰਦੇ ਲਮਕਦੇ
ਅੱਖਾਂ ਨੂੰ ਝੁੰਧਿਆ ਗਏ
ਜਿਹਨਾਂ ਵੱਲ ਗਏ ਤੱਕਦੇ
ਮੁੱਛ ਫੁਟੇਂਦੇ ਗੁੱਭਰੂ
ਸੀਨੇ ਪਏ ਨੇ ਧੜਕਦੇ।
ਛਾਂਗੇ ਹੋਏ ਤੂਤਾਂ ਦੇ
ਫੇਰ ਤੋਂ ਪੱਤੀਆਂ ਉੱਗੀਆਂ
ਜਿਥੋਂ ਸੀ ਛਟੀਆਂ ਕੱਟੀਆਂ
ਜਿਉਂ ਜੋਬਨ ਰੁੱਤ ਆਉਣ ਤੇ
ਗੱਭਰੂ ਦੇ ਮੁੱਛਾਂ ਫੁੱਟੀਆਂ।
ਕਣਕਾਂ ਤੇ ਸਰ੍ਹੋਂ ਵਾਂ ਖਹਿੰਦੀਆਂ
ਇੱਕ ਦੂਜੇ ਨੂੰ ਕਹਿੰਦੀਆਂ
ਬਹਾਰ ਵੇਖੋ ਛਾ ਗਈ
ਵੇਖੋ ਨੀ ! ਕੋਈ ਔਹ ਕੜੀ
ਆਪਣੇ ਵਰਗੀ ਆ ਰਹੀ
ਕੁੜੀ, ਉਹ ਵੇਖੋ ਕਿੰਝ ਤੁਰੇ
ਤੁਰਦੀ ਤਾਂ ਕਦਮਾਂ ਤੋਲਦੀ
ਉਹ ਦੀ ਠੁਮਕਣੀ ਤੋਰ ਸੀ
ਧੁੱਪ ਵਰਗਾ ਉਸ ਦਾ ਰੰਗ ਸੀ
ਚਿਹਰੇ ਤੇ ਛਾਈ ਸੰਗ ਸੀ
ਮੁੱਖੜਾ ਉਸ ਦਾ ਇਸ ਤਰਾਂ
ਜਿਉਂ ਚੰਨ ਅਸਮਾਨੇ ਵਿੱਚ ਸੀ
ਦਿਲ ਸੀ ਉਸ ਦਾ ਧੜਕਦਾ
ਅੰਦਰ ਪੀਆ ਦੀ ਖਿੱਚ ਸੀ।
ਨੱਕ ਬਰਫੀ ਦੀ ਟੁਕੜੀ

ਚਾਂਦੀ ਦੇ ਵਰਕ ਜਿਹੀ
ਬੁੱਲ੍ਹਾਂ 'ਚ ਛੱਤਾ ਸ਼ਹਿਦ ਦਾ
ਪੌਣਾਂ ਦੇ ਵਿੱਚ ਘੋਲ ਰਹੀ
ਚੁੰਬਕ ਵਾਂਗ ਸੀ ਖਿੱਚਦੀ
ਸੀ ਅੱਖ ਜਿਉਂ ਬਲੌਰ ਜਿਹੀ
ਬਾਹਾਂ ਸਨ ਲੰਮੀਆਂ ਲੰਮੀਆਂ
ਫ਼ਿਜਾ ਵਿੱਚ ਇਉਂ ਹਿਲਦੀਆਂ
ਜਿਉਂ ਰੁੱਖਾਂ ਦੀਆਂ ਟਾਹਣੀਆਂ
ਪੌਣਾਂ ਦੇ ਸੰਗ ਝੁਲਦੀਆਂ।
ਨੈਣਾਂ 'ਚੋਂ ਸੀ ਦਿਸ ਰਹੇ
ਦਿਲ 'ਚ ਉੱਠੇ ਵਲਵਲੇ
ਜੁਆਨੀ ਦੀ ਗੱਲ ਛੇੜਦੇ
ਆਪਣੇ ਹੀ ਆਪ ਵਿੱਚ
ਚਾਅ ਪੀਆ ਸੰਗ ਖੇਡਦੇ
ਲੰਮੇ ਲੰਮੇ ਵਾਲ ਸਨ
ਵਿੱਚ ਹਵਾ ਦੇ ਹਿਲਦੇ
ਜਿਉਂ ਪਿਪਲੀ ਪੱਤੇ ਝੁਲਦੇ
ਹਰਫ਼ ਹਵਾ ਵਿੱਚ ਝੁੱਲ੍ਹਦੇ
ਦਿਲ 'ਚ ਉੱਠੀ ਛੱਲ ਦੇ
ਕਣਕਾਂ ਦੇ ਵਿੱਚ ਫਿਰ ਰਹੀ
ਜਿਉਂ ਕੋਈ ਹਰਨੀਂ ਬਣਾਂ ਦੀ
ਆਪਣੇ ਪੀਆ ਨੂੰ ਜਿਵੇਂ
ਯਾਦ ਕਰ ਕੇ ਝੁਰ ਰਹੀ
ਜਾਨਣ ਫ਼ਸਲਾਂ ਰਮਜ਼ ਕੀ
ਦਿਲ 'ਚ ਉੱਠੀ ਛੱਲ ਦੀ
ਸਰ੍ਹਵਾਂ ਦੇ ਫੁੱਲ ਤੋੜ ਕੇ
ਗੱਲ੍ਹਾਂ ਉੱਪਰ ਮਸਲ ਦੀ
ਗੋਰੇ ਗੋਰੇ ਹੱਥ ਸਨ
ਫਲੀਆਂ ਵਰਗੀਆਂ ਉਂਗਲਾਂ
ਖੇਤਾਂ ਵਿੱਚੋਂ ਭਾਲ ਭਾਲ
ਗੰਦਲ ਤੋੜੇ ਗੰਦਲਾਂ
ਕੋਈ ਪੱਤਰਾ ਬਾਥੂ ਦਾ
ਕੋਈ ਪੱਤਰਾ ਪਾਲਕ ਦਾ
ਇਉਂ ਸਾਗ ਉਸਨੇ ਤੋੜਿਆ
ਫੇਰ ਆਪਣਾ ਆਪ ਝੰਝੋੜਿਆ
ਉਹ ਜਾਪੇ ਸਾਗ ਤੋਲਦੀ
ਛਮਕ ਜਿਹੀ ਮੁਟਿਆਰ ਉਹ
ਖੇਤੀਂ ਸੁਗੰਧੀਆਂ ਘੋਲਦੀ
ਸਾਗ ਦੀ ਗੰਢੜੀ ਬੰਨ ਕੇ
ਘਰ ਵੱਲ ਮੂੰਹ ਮੋੜਦੀ
ਇਨੇ ਨੂੰ ਉਹ ਦੇ ਕੰਨਾਂ ਵਿੱਚ

ਮਨਹੂਸ ਆਵਾਜ਼ ਪੈ ਰਹੀ ...........

ਉੱਚੇ ਦਰੱਖਤ ਦੀ ਟਾਹਣੀ ਤੇ
ਪਪੀਹਾ ਪਿਆ ਸੀ ਬੋਲਦਾ
ਪੀਆ ਅੱਗੇ ਹੱਥ ਜੋੜਦਾ
ਵੇਖ ! ਕਣਕਾਂ ਘੁੱਗ ਵਸਦੀਆਂ
ਮੈਂ ਰੋਂਦਾ ਇਹ ਹੱਸਦੀਆਂ।
ਪੀਆ ਪੀਆ ਕੂਕਦਾ
ਬੋਲ ਸੁਣੇ ਜੇ ਹੂਕਦਾ
ਮੈਂ ਤ੍ਰਿਹਾਇਆ ਪਾਣੀ ਦਾ
ਬੱਚਿਆਂ ਵਾਂਗਰ ਬੂਕਦਾ
ਦਿਲੋਂ ਅਰਜ਼ ਹਾਂ ਕਰ ਰਿਹਾ
ਪਾਣੀ ਬੁਝੋਂ ਹਾਂ ਮਰ ਰਿਹਾ
ਤੂੰ ਕਿਉਂ ਨੀ ਹੈ ਤਰਸਦਾ
ਬਣ ਮੇਘਲਾ ਨਹੀਂ ਵਰਸਦਾ
ਜਦ ਪਪੀਹੇ ਦੀ ਗੱਲ
ਮੁਟਆਰ ਦੇ ਕੰਨੀ ਪਈ
ਸੰਭਾਲਦਿਆਂ ਗੰਢੜੀ ਸਾਗ ਦੀ
ਉਹ ਪੈਰੋਂ ਹਿੱਲ ਗਈ
ਇਹ ਤਾਂ ਉਹੀ ਰੁੱਤ ਹੈ
ਉਹੀ ਪਲ ਤੇ ਛਿਣ ਨੇ
ਉਹੀ ਮੇਰੇ ਚਾਅ ਨੇ
ਉਹੀ ਫ਼ਸਲਾਂ ਤੇ ਦਿਨ ਨੇ
ਜਦ ਪਿਛਲੇ ਸਾਲ ਸੀ ਬੋਲਿਆ
ਸੀ ਇਵੇਂ ਅਰਜ ਕਰੀ
ਲੱਗੀ ਨਾ ਫੇਰ ਦੇਰ
ਝੱਟ ਪੀਆ ਨੇ ਮੰਨ ਲਈ
ਮੀਂਹ ਗੜੇ ਸੀ ਰਲ ਕੇ
ਝੱਖੜ ਬਣ ਕੇ ਆ ਗਏ
ਵਿੰਹਦਿਆਂ ਹੀ ਵਿੰਹਦਿਆਂ
ਹਸਦੀਆਂ ਫਸਲਾਂ ਖਾ ਗਏ
ਫ਼ਸਲਾਂ ਤਾਂ ਬਚਣਾ ਕੀ ਸੀ
ਦਰੱਖਤਾਂ ਦੇ ਪੰਛੀ ਮਰ ਗਏ
ਮੋਰ, ਇੱਲ੍ਹ ਾਂ, ਘੁੱਗੀਆਂ
ਸਭ ਪਾਣੀਆਂ ਵਿੱਚ ਤਰ ਗਏ
ਸੜਿਆਂਦ ਪਾਣੀਏ ਮਾਰਦੀ
ਪਾਣੀਆਂ ਵਿੱਚ ਪੰਛੀ ਸੜ ਗਏ।
ਬਾਪੂ ਨੇ ਜੋ ਸੀ ਸੋਚਿਐ
ਕਣਕਾਂ ਦੇ ਘਰ ਆਉਂਣ ਤੇ
ਵਿਆਹ ਮੇਰੇ ਨੂੰ ਧਰੇਗਾ
ਖ਼ੁਸੀਆਂ ਨਾਲ ਡੋਲਾ ਤੋਰ ਕੇ

ਬੇਸੰਸ ਹੋ ਕੇ ਰਹੇਗਾ।
ਇਹ ਸਕੀਮਾਂ ਸਨ ਸੋਚੀਆਂ
ਵਿੱਚੇ ਹੀ ਫ਼ਿਰ ਰਹਿ ਗਈਆਂ
ਆਸਾਂ ਤੇ ਪਾਣੀ ਫਿਰ ਗਿਆ
ਤੇ ਸਭ ਬੁਰਜੀਆਂ ਢੈਗੀਆਂ।
ਵੇਖ ! ਪਪੀਹੇ ਚੰਦਰਿਆ
ਫਿਰ ਤੂੰ ਓਹੀ ਬਕ ਰਿਹਾ
ਤੂੰ ਤਾਂ ਮੇਰੇ ਬਾਪ ਦੀ
ਘੰਡੀ ਤੇ ਹੱਥ ਰੱਖ ਰਿਹਾ।
ਨਾ ਅੱਗ ਮੂੰਹੋਂ ਤੂੰ ਕੱਢ ਵੇ
ਮੈਂ ਤੇਰੀ ਮਿੰਨਤ ਕਰਾਂ
ਖਾ ਮੇਰੇ ਤੇ ਤਰਸ਼ ਵੇ
ਤੇਰੀਆਂ ਹਰੀਆਂ ਰਹਿਣ ਜੜ੍ਹਾਂ
ਦਿਲ ਦੇ ਚਾਅ ਨੇ ਮਚਲਦੇ
ਭੋਰਾ ਨਾ ਹੋਣ ਪਰਾਂ
ਤੂੰ ਮੰਨ ਮੇਰੀ ਅਰਜੋਈ
ਤੇਰੀ ਸੋਨੇ ਚੁੰਝ ਮੜਾਂ
ਦਰਦ ਮੇਰੇ ਨੂੰ ਜਾਣਦੇ
ਤੈਨੂੰ ਹੱਥੀ ਛਾਂ ਕਰਾਂ।
ਵੇਖ ਪਪੀਹੇ ! ਜੇ ਗੱਲ ਸੁਣੇ
ਮੇਰੇ ਅੰਦਰ ਵੇਖ ਲੈ
ਸਧਰਾਂ ਦੇ ਤਾਣੇ ਜੋ ਤਣੇ
ਬਿਨ ਪੀਆ ਦੇ ਮਿਲਣ ਦੇ
ਖਾ ਲਈ ਜਿੰਦ ਘੁਣੇ
ਜੇ ਤੇਰੀ ਪੀਆ ਨੇ ਸੁਣ ਲਈ
ਸਭ ਕੱਟੇ ਜਾਣ ਤਣੇ।
ਵੇ ਤੂੰ ਮੇਰੇ ਵਰਗਿਆ
ਗੱਲ ਦੱਸਾਂ ਤੈਨੂੰ ਰਾਤ ਦੀ
ਜੱਗ ਸੁੱਤਾ ਮੈਂ ਜਾਗਦੀ
ਪੀਆ ਨੂੰ ਯਾਦ ਕਰ ਰਹੀ
ਪੀਆ ਮਿਲਣ ਨੂੰ ਤਾਂਘਦੀ
ਆਪਣੇ ਹੀ ਮਨ ਅੰਦਰ
ਅੱਗ ਹਿਜਰ ਦੀ ਬਾਲਦੀ
ਇਹ ਹਾਲਤ ਮਨ ਦੇ ਹਾਲ ਦੀ
ਹਨੇਰਿਆਂ ਵਿੱਚ ਹੱਥ ਮਾਰਦੀ
ਗੁਆਚੀਆਂ ਸਧਰਾਂ ਭਾਲਦੀ
ਕਲਬੂਤ ਮੰਜੇ ਤੇ ਪਿਆ
ਰੂਹ ਬੇਲੇ ਹਾਕਾਂ ਮਾਰਦੀ।
ਵੇਖ !...............
ਦਿਲ ਦੀਆਂ ਲਹਿਰਾਂ ਤੜਫੀਆਂ
ਮਨ ਸਾਗਰ ਸੇਜ ਵਿਛਾ

ਇਸ ਸਾਗਰ ਦੀ ਤਹਿ ਤੇ
ਕੋਈ ਰਿਹਾ ਤਾਰੀਆਂ ਲਾ
ਜਾਂ ਸਾਗਰ ਦੇ ਪਾਣੀਆਂ
ਰਿਹਾ ਕੋਈ ਰੂਪ ਨੁਹਾ
ਛਿਟੜੇ ਮਾਰੇ ਅੱਖਾਂ ਤੇ
ਉਹ ਪੈਰ ਸਾਗਰੀਂ ਪਾ
ਸਾਗਰ ਛਿੜ ਪਈ ਕੰਬਣੀ
ਗਿਆ ਗੋਰਾ ਹੱਥ ਛੁਹਾ
ਸਾਗਰ ਭਰੀਆਂ ਛਾਤੀਆਂ
ਮਨ ਪੁੱਤਰ ਦੀ ਚਾਹ
ਦੁੱਧ ਚੰਘਾਉਂਦੀ ਬਾਲ ਨੂੰ
ਰਹੀ ਗੋਦ ਦੇ ਵਿੱਚ ਸੁਆ
ਮਨ ਦਾ ਪੰਛੀ ਅੱਥਰਾ
ਡਾਰ ਉਹ ਛੱਡ ਗਿਆ
ਸਾਗਰ ਦੇ ਵਿੱਚ ਸੁਲਘਦੇ
ਸੋਚਾਂ ਦੇ ਦਰਿਆ
ਵੇਖ! ਪਪੀਹੇ ਚੰਦਰੇ
ਤੈਨੂੰ ਰਾਤ ਦਾ ਸੁਪਨਾ ਦੱਸਿਆ
ਕੋਲ ਰੱਖੀਂ ਵੇ ਆਪਣੇ
ਜੋ ਮੂੰਹੋਂ ਮੈਂ ਕਹਿਆ।
ਫੇਰ ਪਪੀਹਾ ਬੋਲਿਆ
ਨੀ ਕੁੜੀਏ ਝੱਖੜ ਮਾਰੀਏ
ਮੈਂ ਦਿਲ ਦੀ ਜਾਣ ਲਈ
ਗੰਗਾ ਤੋਂ ਵੀ ਪਾਕ ਤੂੰ
ਪੰਜ ਦਰਿਆ ਦੀ ਧੀ
ਤੇਰੀ ਇੱਛਾ ਮੈਂ ਜਾਣਦਾ
ਤੂੰ ਘੁੱਟ ਸਬਰ ਦਾ ਪੀ।
ਜਿਉਂ ਜੀਵਨ ਲਈ ਸਾਹ
ਤੈਨੂੰ ਵਰ ਦੀ ਲੋੜ ਹੈ
ਜੀਵਨ ਦੀ ਪੂੰਜੀ ਮਰਦ ਹੈ
ਤੈਨੂੰ ਮਰਦ ਦੀ ਥੋੜ ਹੈ
ਕੁਦਰਤ ਦਾ ਸੋਮਾ ਹੁਸਨ ਹੈ
ਮਸਤੀ ਇਸ ਦੀ ਤੋਰ ਹੈ
ਇਸ ਉਮਰ ਵਿੱਚ ਲੋਰ ਹੈ
ਬੱਸ ਪਿਆਰ ਦੀ ਲੋੜ ਹੈ
ਤੇਰਾ ਪੀਆ ਤੇਰਾ ਚੰਨ ਹੈ
ਤੂੰ ਉਸ ਦੀ ਚਕੋਰ ਹੈਂ
ਤੂੰ ਚੜ੍ਹ ੀ ਹੋਈ ਪਤੰਗ ਹੈਂ
ਉਹ ਖਿੱਚਦਾ ਤੇਰੀ ਡੋਰ ਹੈ।
ਤੂੰ ਕਿਸ਼ਤੀ ਹੈਂ ਪਿਆਰ ਦੀ
ਉਹ ਤੇਰਾ ਮੱਲਾਹ ਹੈ

ਤੂੰ ਤੀਰਥ ਅਸਥਾਨ ਹੈਂ
ਉਹ ਤੇਰਾ ਸਰਬਰਾਹ ਹੈ
ਤੂੰ ਉਸ ਦੀ ਦਰਗਾਹ ਹੈਂ
ਉਹ ਤੇਰਾ ਸ਼ਹਿਨਸ਼ਾਹ ਹੈ
ਤੂੰ ਉਸ ਦੀ ਤਲਵਾਰ ਹੈਂ
ਉਹ ਜੀਵਨ ਦੀ ਢਾਲ ਹੈ
ਤੂੰ ਉਸ ਦਾ ਸਵੈਮਾਨ ਹੈਂ
ਉਹ ਤੇਰਾ ਸਤਿਕਾਰ ਹੈ
ਤੂੰ ਉਸ ਦੀ ਮਹਿਕ ਹੈਂ
ਉਹ ਫੁੱਲ ਖ਼ੁਸ਼ਬੂਦਾਰ ਹੈ
ਤੂੰ ਉਸ ਦੀ ਪ੍ਰੀਤ ਹੈਂ
ਉਹ ਪ੍ਰੀਤਾਂ ਦਾ ਪਹਿਰੇਦਾਰ ਹੈ
ਪਾ ਕਲੰਘੜੀ ਤੁਰਨ ਲਈ
ਜੀਵਨ ਦਾ ਇਕਰਾਰ ਹੈ।
ਤੇਰੇ ਲਈ ਉਹ ਸੋਮਾ ਹੈ
ਸੋਮਾ ਹੈ ਉਤਸਾਹ ਦਾ
ਸੋਮਾ ਹਰ ਉਮੰਗ ਦਾ
ਸੋਮਾ ਹਰ ਇੱਕ ਚਾਅ ਦਾ
ਤਿਲਮਿਲਾਉਂਦੇ ਤੇ ਉਬਲਦੇ
ਖ਼ਿਆਲਾਂ ਦੀ ਪਨਾਹਗਾਹ ਦਾ
ਤੂੰ ਲੈਅ ਹੈਂ ਉਸ ਗੀਤ ਦੀ
ਉਹ ਗੀਤ ਤੇਰੀ ਰਜ਼ਾ ਦਾ।
ਤੂੰ ਉਸ ਦੀ ਬਸੰਤ ਹੈਂ
ਉਹ ਤੇਰੀ ਬਹਾਰ ਹੈ
ਤੂੰ ਉਸ ਦੀ ਹਰ ਸਧਰ ਹੈਂ
ਉਹ ਤੇਰਾ ਮਲ੍ਹਾਰ ਹੈ
ਵੇਖਣ ਨੂੰ ਭਾਵੇਂ ਦੋ ਨੇ
ਰੂਹ ਇੱਕੋ ਵਿਚਕਾਰ ਹੈ।
ਤੂੰ ਉਸ ਦੀ ਤਲਵਾਰ ਹੈਂ
ਉਹ ਤੇਰਾ ਮਿਆਨ ਹੈ
ਉਹ ਜੇ ਤੇਰਾ ਤੀਰ ਹੈ
ਤਾਂ ਤੂੰ ਉਸ ਦੀ ਕਮਾਨ ਹੈ
ਤੂੰ ਹੀ ਉਸ ਦੀ ਲੋਅ ਹੈਂ
ਉਹ ਤੇਰਾ ਸ਼ਮ੍ਹਾਦਾਨ ਹੈ।
ਸੁਣ ਕੁੜੀਏ ਨੀ ਝੱਲੀਏ
ਹੁਣ ਛੱਡ ਤੂੰ ਸਾਰੀ ਗੱਲ
ਮਾਰ ਮੇਰੇ ਵੱਲ ਝਾਤ ਤੂੰ
ਵੇਖ ਤੂੰ ਮੇਰੇ ਵੱਲ
ਇੱਕ ਪਾਸੇ ਤੇਰੇ ਚਾਅ ਨੇ
ਦੂਜੇ ਪਾਸੇ ਮੇਰੀ ਜਾਨ
ਮੈਨੂੰ ਬਕਦਾ ਆਖਦੀ

ਆਪ ਬਣੇ ਸ਼ੈਤਾਨ
ਜਾਹ ਮੈਂ ਨਹੀਂ ਕੂਕਦਾ
ਕਰ ਲਿਆ ਮੈਂ ਪਰਵਾਨ
ਪਿਆਸ ਬੁਝਾ ਦੇ ਮੇਰੀ ਤੂੰ
ਚਾੜ੍ਹ ਦੇ ਸਿਰ ਅਹਿਸਾਨ
ਭਰ ਲਿਆ ਬੁੱਕ ਪਾਣੀ ਦਾ
ਸੁੱਟ ਦੇ ਵੱਲ ਅਸਮਾਨ
ਅੱਡ ਲਵਾਂਗਾ ਮੂੰਹ ਮੈਂ
ਸੁਕਦੀ ਜਾਏ ਜ਼ੁਬਾਨ
ਪੀ ਲੂੰਗਾ ਪਾਣੀ ਇਸ ਤਰ੍ਹਾਂ
ਬਚ ਜੂ ਮੇਰੀ ਜਾਨ
ਜਾਹ ਹਿੰਮਤ ਕਰ ਬੇ-ਹਿੰਮਤੇ
ਬਣ ਮੇਰਾ ਭਗਵਾਨ
ਇੱਕ ਦੁਖੀਆ ਹੀ ਦੁਖੀ ਤੇ
ਹੁੰਦਾ ਹੈ ਮਿਹਰਬਾਨ।
ਸੁਣ ਲਈ ਗੱਲ ਕੁੜੀ ਨੇ
ਆਇਆ ਸੁੱਖ ਦਾ ਸਾਹ
ਕਿਸੇ ਮੋਟਰ, ਟਿਊਬ ਵੈੱਲ ਦਾ
ਢੂੰਡਣ ਲੱਗੀ ਰਾਹ
ਭੱਜਦੀ, ਨੱਠਦੀ, ਦੌੜਦੀ
ਪਹੁੰਚੀ ਬੰਬੀ ਪਾਸ
ਖੁਸ਼ ਹੋਈ ਪਾਣੀ ਵੇਖ ਕੇ
ਕੰਮ ਆਵਣ ਲੱਗਾ ਰਾਸ
ਗੜਵਾ ਲੈ ਉਸ ਪਾਣੀ ਦਾ
ਮੁੜਦੀ ਆ ਸਿਰ ਤੋੜ
ਪੈਰਾਂ ਦੇ ਵਿੱਚ ਚੁਭ ਰਹੇ
ਕਿੰਨੇ ਕੰਕਰ ਰੋੜ
ਜਿਸ ਰੁੱਖ ਹੇਠੋਂ ਗਈ ਸੀ
ਮੁੜ ਪਹੁੰਚੀ ਉਸ ਦੇ ਕੋਲ
ਲੈ ਵੇ ਵੀਰਾ! ਪਿਆਸਿਆ
ਮਾਰਨ ਲੱਗੀ ਬੋਲ।
ਐਨਾ ਕਿਹਾ ਉਸ ਨੇ
ਲੱਗੀ ਬੁੱਕ ਚਲਾਉਣ
ਵੀਰਾ ਵੀ ਫਿਰ ਅਹੁਲਿਆ
ਉੱਪਰ ਕੀਤੀ ਧੌਣ
ਅੱਡ ਕੇ ਮੂੰਹ ਆਪਣਾ
ਲੱਗਾ ਪਿਆਸ ਬੁਝਾਉਣ
ਮਰਦਾ ਮਰਦਾ ਬਚ ਗਿਆ।
ਪਈ ਦੁਬਾਰਾ ਜਾਨ।
ਖੁਸ਼ ਹੋ ਕੇ ਫੇਰ ਬੋਲਿਆ
ਤੂੰ ਨਾ ਕਰ ਪਰਵਾਹ

ਸੁਣ ਨੀ ਭੈਣੇ ਮੇਰੀਏ
ਫੜ ਆਪਣਾਂ ਤੂੰ ਰਾਹ
ਸਭ ਮੁਰਾਦਾਂ ਪੂਰੀਆਂ
ਹੋਣਗੀਆਂ ਸਭ ਜਾਹ
ਹੋਣਗੀਆਂ ਸਭ ਜਾਹ।

✪

## ਗ਼ਜ਼ਲ

ਮੇਰੇ ਕੋਲ ਆਖਣ ਲਈ ਅੱਜ ਕੁੱਝ ਨਹੀਂ ਰਿਹਾ।
ਜੇ ਬਚ ਗਿਆ ਤਾਂ ਕਹਿਣ ਲਈ ਸੁੱਝ ਨਹੀਂ ਰਿਹਾ।
ਚਾਨਣ ਤਾਂ ਪਹੁੰਚ ਚੁੱਕੇ ਗੁਫ਼ਾਫ਼ਾਂ ਤੋਂ ਪਾਰ ਵੀ,
ਸੋਚਦੇ ਹੋਣਗੇ ਕਿ ਚਿਰਾਗ਼ ਕਿਉਂ ਬੁੱਝ ਨਹੀਂ ਰਿਹਾ।
ਕਿਥੋਂ ਲੈ ਆਵਾਂ ਮੈਂ ਮੋਤੀ ਹੰਸਾਂ ਦੀ ਚੋਗ ਲਈ,
ਜੋ ਪਹੁੰਚ ਮੇਰੀ ਵਿੱਚ ਹੈ ਉਹ ਚੁੱਗ ਨਹੀਂ ਰਿਹਾ।
ਆਕਾਸ਼ ਵੀ ਖੁੱਲ੍ਹਾ ਹੈ ਤੇ ਪੰਛੀ ਵੀ ਚਹਿਚਹਾ ਰਿਹੈ,
ਏਹ ਮੇਰੀ ਕਲਪਨਾ ਸੀ-ਪੰਛੀ ਉੱਡ ਨਹੀਂ ਰਿਹਾ।
ਕਰ ਗਏ ਉਹ ਸਾਨੂੰ ਖੱਖੜੀਆਂ-ਕਰੇਲੇ ਬੇਸ਼ੱਕ,
ਪਰ ਨਹੁੰਆਂ ਨਾਲੋਂ ਮਾਸ ਅਜੇ ਟੁੱਟ ਨਹੀਂ ਰਿਹਾ।
ਡਰੇ ਮਨੁੱਖ ਨੂੰ ਲੱਗ ਰਿਹੈ ਮਲ੍ਹਾ ਵੀ ਆਦਮੀ,
ਹੈ ਮਜ਼ਬੂਰੀ ਕੋਈ ਫਿਰ ਵੀ ਉਹ ਰੁੱਕ ਨਹੀਂ ਰਿਹਾ।
ਪਹਿਰਾ ਅਜੇ ਵੀ ਸਾਡੀਆਂ ਨੀਦਾਂ ਤੇ ਖ਼ੌਫ਼ ਦਾ,
ਅਣਜਾਣ ਪਹਿਰੇਦਾਰ ਹੈ ਜੋ ਬੁੱਝ ਨਹੀਂ ਰਿਹਾ।
ਖ਼ਾਲੀ ਨੇ ਆਲ੍ਹਣੇ ਕਾਵਾਂ ਨੇ ਆਂਡੇ ਪੀ ਲਏ,
ਇਹ ਕੇਹਾ ਭੋਲਾਪਣ ਹੈ ਨੇੜੇ ਢੁੱਕ ਨਹੀਂ ਰਿਹਾ।

✪

ਨਾ ਕੋਈ ਮੇਰਾ ਮਿੱਤਰ ਬਦਲਿਆ, ਬਦਲੀਆਂ ਨਾ ਇਛਾਵਾਂ।
ਭਾਵੇਂ ਸਿਖਰ ਦੁਪਹਿਰਾਂ ਪਿੱਛੋਂ, ਢਲ ਚੱਲੀਆਂ ਨੇ ਛਾਵਾਂ।
ਵੇਖ ਅਜੇ ਨਾ ਪੂਰੀ ਹੋਈ, ਮਿਲਣ ਮੇਰੇ ਦੀ ਲੋਚਾ,
ਤਾਂ ਹੀ ਤਾਂ ਮੈਂ ਕਾਗਾਂ ਤਾਈਂ, ਕੁੱਟ ਚੂਰੀਆਂ ਪਾਵਾਂ।
ਕੀਨੇ-ਸਾੜੇ ਅਤੇ ਨਫ਼ਰਤ ਨੇ, ਸਾਹ ਸਾਡਾ ਸੀ ਘੁੱਟਿਆ,
ਚੇਤਨਤਾ ਦੇ ਚਾਨਣ ਦੀ ਮੈਂ, ਹੱਸ ਹੱਸ ਮਹਿਕ ਲੁਟਾਵਾਂ।
ਜੋ ਸੀ ਕਰਗੇ ਨਾ ਚਾਹੁੰਦੇ ਵੀ, ਸੌ ਕੋਹਾਂ ਦੀ ਦੂਰੀ,
ਉਨ੍ਹਾਂ ਦੇ ਤੱਕ ਪੁਜਣ ਦੇ ਲਈ, ਬੈਠਾ ਬਣਤ ਬਣਾਵਾਂ।
ਬਣ ਕੇ ਜੋ ਹਮਰਾਹ ਸੀ ਵਹੁੜੇ, ਹਰ ਇੱਕ ਮੋੜ ਦੇ ਉੱਤੇ,
ਘੜੀ ਮੁੜੀ ਨ੍ਹੀ ਚੰਗਾ ਹੁੰਦਾ, ਪਰਖੇ ਨੂੰ ਪਰਖਾਵਾਂ।
ਤਿੱਤਰ ਖੰਭੀਆਂ ਉੱਡ ਕੇ ਲੰਘੀਆਂ, ਸਾਡੇ ਸਿਰਾਂ ਦੇ ਉੱਤੋਂ,
ਪਿਆਸੀਆਂ ਫ਼ਸਲਾਂ ਉੱਤੇ ਕੋਈ, ਬੱਦਲ ਵਰ੍ਹਿਆ ਟਾਵਾਂ।

ਏਸ ਡਾਰ ਸੰਗ ਉੱਡਦੇ ਪੰਛੀ, ਵਿੱਚੋਂ ਰਸਤਾ ਕਟ ਗਏ,
ਮੈਂ ਉਨ੍ਹ ਾਂ ਲਈ ਫਿਰ ਵੀ ਯਾਰੋ ਸੌ ਸੌ ਸ਼ੁਕਰ ਮਨਾਵਾਂ।
✪

ਆਦਮੀ ਨੇ ਆਦਮੀ ਨੂੰ ਮਾਰਿਆ।
ਨਫ਼ਰਤਾਂ ਦੀ ਅੱਗ ਨੇ ਹੈ ਸਾੜਿਆ।
ਹਰ ਸਮੇਂ ਗਲ਼ੇ ਲਾਇਆ ਪਿਆਰ ਨੂੰ,
ਕਪਟ, ਧੋਖਾ, ਝੂਠ ਨੂੰ ਦੁਰਕਾਰਿਆ।
ਵਿਦਵਤਾ ਦਾ ਲੱਖ ਢੰਡੋਰਾ ਦੇ ਦਿਓ,
ਅਮਲ ਬਾਝੋਂ ਜਾਣਾ ਨਾ ਸਤਿਕਾਰਿਆ।
ਮੋੜਦੇ ਨਾ ਰੱਖ ਭਾਜੀ ਪਿਆਰ ਦੀ,
ਪਿਆਰ ਵਿੱਚ ਹੀ ਜ਼ਿੰਦਗੀ ਹੈ ਪਿਆਰਿਆ।
ਅਜ ਤੱਕ ਜਾਂਦਾ ਰਿਹੈਂ ਲਿਤਾੜਿਆ,
ਬਣੇਗਾ ਤੂੰ ਤਾਜ ਸਿਰ ਦੇ ਢਾਰਿਆ।
ਜੇਰਾ ਸਾਡਾ ਬਹੁਤ ਤੂੰ ਹੈ ਪਰਖਿਆ,
ਹੋਰ ਨਾ ਹੁਣ ਪਰਖ ਸਾਨੂੰ ਆਰਿਆ।
ਗਤੀ ਦਾ ਨਾਂ ਹੀ ਹੈ ਅਸਲ ਜ਼ਿੰਦਗੀ,
ਗਤੀ ਬਾਝੋਂ ਆਦਮੀ ਹੈ ਹਾਰਿਆ।
ਇਸ਼ਕ ਦੀ ਗਵਾਹੀ ਝਨਾਂ ਹੈ ਦੇ ਰਿਹਾ,
ਆਪ ਡੁੱਬ ਕੇ ਇਸ਼ਕ ਨੂੰ ਹੈ ਤਾਰਿਆ।
ਮੁਸ਼ਕਲਾਂ ਨੇ ਪਰਖ ਕਰਨੀ ਸਿਦਕ ਦੀ,
ਸੌ ਮੁਸ਼ਕਲਾਂ ਹੁੰਦਿਆਂ ਨਾ ਹਾਰਿਆ।
✪

ਆਪਣਾ ਆਪ ਮਚਾ ਕੇ ਘਰ।
ਬੈਠਾ ਕਿਉਂ ਬੇਗਾਨੇ ਦਰ।
ਭਾਰੀ ਹੈ ਪਾਪਾਂ ਦੀ ਗਠੜੀ,
ਮਾਰ ਰਿਹਾ ਹੈ ਆਪਣਾ ਡਰ।
ਵਿੱਚ ਖ਼ਲਾ ਨਹੀਂ ਉੱਡਿਆ ਜਾਣਾ,
ਸਾੜ ਲਏਂਗਾ ਆਪਣੇ ਪਰ।
ਇਸ਼ਕ ਪਿਆਲੇ ਵਿਹੁ ਹੈ ਯਾਰਾ,
ਪਤਾ ਲੱਗੇਗਾ ਘੁੱਟ ਤਾਂ ਭਰ।
ਸਮਿਆਂ ਦੇ ਵਹਿਣ ਨੇ ਪੁੱਠੇ,
ਬਣ ਤੈਰਾਕੂ ਤਰਿਆ ਕਰ।
ਸੁੱਕੇ ਰੁੱਖਾਂ ਦੇ ਜੋ ਸਾਏ,
ਵੇਖ ਕੇ ਲਗਦਾ ਸਭ ਨੂੰ ਡਰ।
ਘਾਟੇ ਵਾਧੇ ਹੁੰਦੇ ਰਹਿੰਦੇ,
'ਜਰਨੈਲ' ਫ਼ਿਕਰ ਨਾ ਕਰਿਆ ਕਰ।
✪

ਮਰਦਾਨੇ ਨੇ ਫੇਰ ਦੇਖੋ, ਛੇੜੀ ਰਬਾਬ ਹੈ।
ਅੱਜ ਫੇਰ ਝੂਮ ਉੱਠਿਆ, ਸਾਡਾ ਪੰਜਾਬ ਹੈ।
ਮਿੱਠੀ ਧੁਨ ਉਸ ਦੀ ਸੀਨੇ ਵਿੱਚ ਲਹਿ ਗਈ,
ਫ਼ਿਜ਼ਾ ਦੇ ਵਿੱਚ ਘੁੱਲ ਗਈ ਜਿੱਦਾਂ ਸ਼ਰਾਬ ਹੈ।
ਖਿੜਣਗੇ ਫੁੱਲ ਬਸੰਤ ਰੁੱਤ ਆਖਰ ਆਏਗੀ,
ਫੇਰ ਹੀ ਹੈ ਪੂਰਾ ਹੋਣਾ ਸਮਝੋ ਖ਼ੁਆਬ ਹੈ।
ਸੱਚ ਦਾ ਭਰਮ ਸੀ ਪੱਤੀਆਂ ਤੋਂ ਪੈ ਰਿਹਾ,
ਸੁੰਘਿਆ ਤਾਂ ਜਾਣਿਆ ਬਣਾਉਟੀ ਗੁਲਾਬ ਹੈ।
ਓਹ ਕਦੇ ਵੀ ਮੰਜ਼ਲ ਤੱਕ ਨਹੀਂ ਪਹੁੰਚਦੇ,
ਜਿੰਨ੍ਹਾਂ ਦੇ ਪੈਰ ਹੇਠਾਂ ਨਾ ਹੁੰਦੀ ਰਕਾਬ ਹੈ।
ਬੀਤਿਆ ਜੋ ਬੀਤਿਆ ਚੰਗਾ ਨੀ ਬੀਤਿਆ,
ਮੁੜਕੇ ਨਾ ਦੁਹਰਾਓ ਜੋ ਖ਼ੂਨੀ ਖ਼ਾਬ ਹੈ।
ਜਿਥੇ ਗੁਰੂ ਨੇ ਆਪ ਬੇਦਾਵਾ ਸੀ ਪਾੜਿਆ,
ਅਣਖ ਦਾ ਨਾਂ ਲੈ ਰਹੀ ਖਿਦਰਾਣੇ ਦੀ ਢਾਬ ਹੈ।
✪

ਹਾਲ ਮੰਦੇ ਹੋਰ ਕਦ ਤੱਕ ਰਹਿਣਗੇ,
ਹੋਰ ਕਦ ਤੱਕ ਇਹ ਜ਼ਬਰ ਨੂੰ ਸਹਿਣਗੇ।
ਖ਼ੂਨ ਸਾਡਾ ਪੀ ਕੇ ਵੀ ਨਾ ਰੱਜਿਆ,
ਸਾਡੇ ਮਨ ਵੀ ਫਿਰ ਪਿਆਸੇ ਰਹਿਣਗੇ।
ਵਾਰੀ ਕਦੇ ਇਨ੍ਹਾਂ ਦੀ ਵੀ ਆਏਗੀ,
ਵੇਖ ਲਈਂ ਇਹ ਢਾਏ ਤੋਂ ਨਾ ਢਹਿਣਗੇ।
ਲੋਕ ਸੱਚੀ ਕਹਿਣ ਤੋਂ ਨਾ ਝਿਜਕਦੇ,
ਕਰਦੇ ਜੋ ਕਰਤੂਤਾਂ ਮੂੰਹ ਤੇ ਕਹਿਣਗੇ।
ਮਾਰਦੇ ਫਿਰਦੇ ਨੇ ਜਿਹੜੇ ਚਾਂਗਰਾਂ,
ਸਾਡੇ ਉਹ ਮਾਤਹਿਤ ਹੋ ਕੇ ਰਹਿਣਗੇ।
ਪੈਂਤੀ ਜਿੰਨ੍ਹਾਂ ਮੁੱਢ ਤੋਂ ਪੁੱਠੀ ਪੜ੍ਹੀ,
ਉਹ ਨਿਵਾਣਾਂ ਵੱਲ ਸਦਾ ਹੀ ਵਹਿਣਗੇ।
ਹੌਸਲੇ ਦੀ ਜਿੰਨ੍ਹਾਂ ਕੋਲੇ ਮਿਲਖ ਹੈ,
ਪਰਬਤਾਂ ਦੇ ਨਾਲ ਉਹੀ ਖਹਿਣਗੇ।
✪

ਮੁੱਕ ਗਈਆਂ ਨੇ ਰਾਤਾਂ ਸੌਂ ਜਾਵੋ।
ਮੁੱਕ ਗਈਆਂ ਨੇ ਬਾਤਾਂ ਸੌਂ ਜਾਵੋ।
ਪੂਛਲ ਵਾਲਾ ਤਾਰਾ ਹੁਣ ਨ੍ਹੀ ਦਿਸਦਾ,
ਆਈਆਂ ਸ਼ੁਭ ਪਰਭਾਤਾਂ ਸੌਂ ਜਾਵੋ।
ਦੂਰ ਕਿਧਰੇ ਕੋਈ ਦਰਦੀ ਵਸਦਾ ਹੈ,
ਘੱਲਦਾ ਨਿੱਤ ਬਰਸਾਤਾਂ ਸੌਂ ਜਾਵੋ।
ਧਰਮ ਸਥਾਨਾਂ ਅੰਦਰ ਮੁੜ ਕੇ ਰੌਣਕ ਹੈ,
ਖਾ ਲਿਐ ਮੋੜ ਹਾਲਾਤਾਂ ਸੌਂ ਜਾਵੋ।

ਹੌਂਕੇ ਅਤੇ ਹਾਵੇ ਕਿਧਰੇ ਗੁੰਮ ਗਏ,
ਪਾਇਆ ਸ਼ੋਰ ਬਰਾਤਾਂ ਸੌਂ ਜਾਵੋ।
ਰਾਤਾਂ ਨੂੰ ਹੁਣ ਖ਼ੌਫ਼ ਕਿਸੇ ਦਾ ਖਾਂਦਾ ਨਹੀਂ,
ਮੁੱਕ ਗਈਆਂ ਨੇ ਘਾਤਾਂ ਸੌਂ ਜਾਵੋ।
ਗਲੀ-ਮਹੱਲੇ ਦੇ ਵਿੱਚ ਬੱਚੇ ਖੇਡ ਰਹੇ,
ਵੰਡੋ ਰੋਜ਼ ਸੋਗ਼ਾਤਾਂ ਸੌਂ ਜਾਵੋ।
✪

_ਡੀਕ ਨੇ ਉਮਰ ਦਾ ਸੂਰਜ ਛੁਪਾ ਲਿਆ।
ਫਿਰ ਵੀ ਗੀਤ ਵਫ਼ਾ ਦਾ ਮੈਂ ਗਾ ਲਿਆ।
ਇਸ਼ਕ ਦੀ ਤਾਸੀਰ ਸਦਾ ਤਾਜ਼ੀ ਰਹੇ,
ਲੋੜ ਪਈ ਤਾਂ ਏਸ ਨੂੰ ਗਰਮਾ ਲਿਆ।
ਸੱਚ ਹੈ ਕਿ ਝੂਠ ਦੀਵਾ ਬਲਦਾ ਰਹੇਗਾ,
ਲੋਅ ਉਸ ਦੀ ਨੂੰ ਮੈਂ ਅਜ਼ਮਾ ਲਿਆ।
ਰੱਸਾ ਚੁੱਕਿਆਂ ਲੀਕ ਇਹ ਮਿਟਣੀ ਨਹੀਂ,
ਭਾਵੇਂ ਬਿਰਖਾਂ ਛਾਵਾਂ ਨੂੰ ਉਠਾ ਲਿਆ।
ਕੁਦਰਤ ਤੇ ਮਾਨਵ ਧੁਰਾਂ ਤੋਂ ਇੱਕ ਨੇ,
ਉਸ ਦਾ ਹਰ ਭੇਦ ਮਨੁੱਖ ਨੇ ਪਾ ਲਿਆ।
ਮੇਲ ਤੋਂ ਵੱਧ ਨਿੱਘ ਹੈ ਯਾਦ ਦਾ,
ਤਾਹੀਂ ਮੈਂ ਇਸ ਨੂੰ ਸੀਨੇ ਲਾ ਲਿਆ।
ਪਤਾ ਨਹੀਂ ਉਸ ਦਾ ਕੀ ਸੀ ਮਾਜਰਾ,
ਦੋਸਤੀ ਦਾ ਹੱਥ ਜਿਨ੍ਹ ਾਂ ਖਿਸਕਾ ਲਿਆ।
✪
ਮਿੱਤਰ ਦੇ ਭੇਸ ਅੰਦਰ ਮਿਲਿਆ ਰਕੀਬ ਸੀ।
ਸਮਝ ਬੈਠਾ ਜਿਸ ਨੂੰ ਆਪਣਾ ਹਬੀਬ ਸੀ।
ਓਹੀ ਇੱਕ ਦਿਨ ਜਾਨ ਦਾ ਖੌ ਬਣ ਗਿਆ,
ਸਮਝਿਆ ਜਿਸ ਨੂੰ ਮੈਂ ਆਪਣੇ ਕਰੀਬ ਸੀ।
ਈਸਾ ਦੇ ਸਿਰ ਉਤੇ ਸੂਲਾਂ ਦਾ ਤਾਜ ਸੀ,
ਮੋਢੇ ਉਤੇ ਓਸ ਨੇ ਚੁੱਕੀ ਸਲੀਬ ਸੀ।
ਓਹ ਨਿਰਾ ਮੁਲੰਮਾ ਸੀ ਜੋ ਸੀ ਚਮਕਦਾ,
ਉਹ ਖਰਾ ਨਿਕਲਿਆ ਜਿਹੜਾ ਗਰੀਬ ਸੀ।
ਮੁੜਿਆ ਨਹੀਂ ਉਹ ਸੂਰਜਾਂ ਦੀ ਭਾਲ ਤੋਂ,
ਬਿਖੜੇ ਰਾਹਾਂ ਦਾ ਰਾਹੀ ਅਜੀਬ ਸੀ।
ਕਿਸ ਤਰ੍ਹ ਾਂ ਕਰਦਾ ਭਲਾ ਉਹ ਸਾਡਾ ਇਲਾਜ,
ਚਿਰਾਂ ਤੋਂ ਬਿਮਾਰ ਜੋ ਖੁਦ ਹੀ ਤਬੀਬ ਸੀ।
ਉਹ ਭਲਾ ਕਦੋਂ ਸੀ ਰੱਬ ਤਾਈਂ ਲੋਚਦਾ,
ਆਪ ਜਿਹਨੇ ਘੜਿਆ ਆਪਣਾ ਨਸੀਬ ਸੀ।
✪

ਗਹਿਰ-ਗੰਭੀਰ ਬੱਦਲ ਨੇ ਜੋ ਲਿਸ਼ਕਦੇ
ਹੌਲੀ ਹੌਲੀ ਵੇਖ ਲਈ ਉਹ ਖਿਸਕਦੇ
ਭਰਮ ਹੰਸਾਂ ਦੇ ਨੇ ਬਗਲੇ ਪਾ ਰਹੇ,

ਪਰਖ ਵੇਲੇ ਵੇਖ ਲਈ ਉਹ ਖਿਸਕਦੇ।
ਮਨੁੱਖਤਾ ਤੋਂ ਜੋ ਸਦਾ ਕੋਰੇ ਰਹੇ,
ਜ਼ਹਿਰ ਉਗਲਣ ਤੋਂ ਰਤਾ ਨਾ ਝਿਜਕਦੇ।
ਬੋਲਣਾ ਚਿੜੀਆਂ ਦਾ ਕੋਈ ਸੰਕੇਤ ਹੈ,
ਕੰਨ ਚਿੜੀਆਂ ਦੇ ਆਦੀ ਨੇ ਬਿੜਕਦੇ।
ਨੇਕ ਨੀਤਾਂ ਵਾਲੇ ਜਿਹੜੇ ਲੋਕ ਨੇ,
ਤੱਤੀ ਭੁੱਬਲ ਤੇ ਨੇ ਪਾਣੀ ਛਿੜਕਦੇ।
ਨੀਤ ਜਿਨ੍ਹ ਾਂ ਦੀ ਚੋਰਾਂ ਤੋਂ ਕੁਝ ਲੈਣ ਦੀ,
ਦਰ ਉਨ੍ਹ ਾਂ ਦੇ ਸੱਖਣੇ ਨੇ ਖਿੜਕਦੇ।
ਕੂਲ਼ਿਆਂ ਤੋਂ ਖੁਰਦਰੇ ਹੱਥ ਕੀਮਤੀ,
ਖ਼ੁਸ਼ਹਾਲੀ ਜੋ ਸਦਾ ਨੇ ਸਿਰਜਦੇ।
✪

ਲੱਭਣ ਤੇ ਵੀ ਲਭਦੀਆਂ ਹੈ ਨੀ, ਲੱਭੀਆਂ ਚਾਰ ਦਿਸ਼ਾਵਾਂ।
ਖਬਰੇ ਕਿਧਰੇ ਉੱਡ-ਪੁੱਡ ਗਈਆਂ, ਸਾਡੀਆਂ ਸ਼ੋਖ ਹਵਾਵਾਂ।
ਤੇਰੇ ਰਾਹ ਦਾ ਕੋਈ ਪਾਂਧੀ, ਮੁੜ ਨਾ ਮੈਨੂੰ ਮਿਲਿਆ,
ਜਿਸ ਕੋਲੋਂ ਮੈਂ ਪੁੱਛ ਦੱਸ ਲੈਂਦਾ, ਸੱਜਣਾ ਦਾ ਸਿਰਨਾਵਾਂ।
ਕੁਝ ਕੁਝ ਮੈਨੂੰ ਚੇਤਾ ਆਵੇ, ਬਹੁਤਾ ਭੁੱਲੀ ਜਾਵੇ,
ਚਿਰ ਵਿਛੁੰਨੀ ਰੂਹ ਦੇ ਯਾਰੋ, ਕੀਕਣ ਨਕਸ਼ ਬਣਾਵਾਂ।
ਟਿਕੀ ਰਾਤ ਜਦ ਤਾਰੇ ਹੱਸਣ, ਰੂਹ ਮੇਰੀ ਕੁਰਲਾਵੇ,
ਮੇਰੀ ਰੂਹ ਤੋਂ ਤਾਰੇ ਪੁੱਛਣ, ਕਿਸ ਦੀਆਂ ਬਦ-ਦੁਆਵਾਂ।
ਊਠਾਂ ਵਾਲੇ ਤੁਰਦੇ ਬਣ ਗਏ, ਤੱਕ ਸੱਸੀ ਦੀਆਂ ਊਂਘਾਂ,
ਜਦ ਸੱਸੀ ਦੀ ਅੱਖ ਖੁੱਲ੍ਹ ੀ ਤਾਂ, ਹੋਈਆਂ ਦੂਰ ਪੜਾਵਾਂ।
ਦਿਲ 'ਚੋਂ ਪੀੜ ਸਵੱਲੀ ਉੱਠਦੀ, ਹੋਠਾਂ ਤੇ ਆ ਰੁਕਦੀ,
ਜਿਉਂ ਕੰਢਿਆਂ ਤੇ ਆਣ ਰੁਕਦੀਆਂ,ਛੱਲਾਂ ਨੇ ਦਰਿਆਵਾਂ।
✪

ਦੂਰੋਂ ਤੱਕ ਕੇ ਭੱਜਾ ਜਾਵਾਂ, ਝੁਣ ਤੇਰੇ ਤੇ ਪੈਂਦੀ,
ਨੇੜੇ ਜਾ ਕੇ ਜਦ ਮੈਂ ਤੱਕਾਂ, ਪਿਆ ਭੁਲੇਖਾ ਖਾਵਾਂ।
ਤੁਰਦਾ ਫਿਰਦਾ ਜੇ ਤੂੰ ਮਿਲਜੇਂ, ਤਾਂ ਸੱਜਣਾ ਮੈਂ ਦੱਸਾਂ,
ਮੇਰੇ ਦਿਲ ਤੋਂ ਤੇਰੇ ਦਿਲ ਨੂੰ, ਕਿਵੇਂ ਜਾਂਦੀਆਂ ਰਾਹਵਾਂ।
ਐਂਵੇ ਬਾਤ ਬਤੰਗੜ ਬਣ ਗਈ, ਗੱਲ ਨਹੀਂ ਸੀ ਕੋਈ,
ਹੱਸਣ ਦੀ ਇੱਕ ਗ਼ਲਤੀ ਕੀਤੀ, ਤੇਰਿਆਂ ਮੇਰਿਆਂ ਚਾਵਾਂ।
ਕੱਲੇ ਬਹਿ ਬਹਿ ਜੋ ਮੈਂ ਜੋੜੀ, ਇਹ ਉਮਰਾਂ ਦੀ ਪੂੰਜੀ,
ਤੇਰੇ ਸਿਰ ਤੋਂ ਵਾਰ ਦਿਆਂ ਮੈਂ, ਲਿਖੀਆਂ ਜੋ ਕਵਿਤਾਵਾਂ।
ਪੌਣਾਂ ਦੇ ਹੱਥ ਦਿਆਂ ਸੁਨੇਹੇ, ਪਤਾ ਕਿਤੇ ਜੇ ਲੱਗੇ,
ਜਿਥੇ ਵੀ ਹੈਂ ਖ਼ੁਸ਼ ਰਹਿ ਸੱਜਣਾ, ਸਾਡੀਆਂ ਇਹੋ ਦੁਆਵਾਂ।
ਦੋ ਦਹਾਕੇ ਤੋਂ ਵੱਧ ਹੋਇਆ, ਆਪਾਂ ਨੂੰ ਹੈ ਵਿਛੜਿਆਂ,
ਪਰ ਰੋਜ਼ ਹੀ ਆਣ ਜਗਾਉਂਦਾ, ਸੁਪਨਿਆਂ ਦਾ ਪਰਛਾਵਾਂ।
✪

ਤੇਰਾ ਜਦ ਵੀ ਆਉਂਦਾ ਖ਼ਤ।
ਬਾਤ ਨਵੀਂ ਹੈ ਪਾਉਂਦਾ ਖ਼ਤ।
ਨਾ ਆਵੇ ਮੁਰਝਾ ਜਾਂਦਾ ਹੈ,
ਆਵੇ ਮਨ ਪਰਚਾਉਂਦਾ ਖ਼ਤ।
ਗਿਲਾ ਹਮੇਸ਼ਾ ਆਪਣਿਆਂ ਤੇ,
ਸੱਚੀ ਆਖ ਸੁਣਾਉਂਦਾ ਖ਼ਤ।
ਰੁੱਸਣ ਵਿੱਚ ਬੜੀ ਹੈ ਲੱਜਤ,
ਰੁਸਿਆਂ ਨੂੰ ਮਨਵਾਉਂਦਾ ਖ਼ਤ।
ਚੌ-ਮੁਖੀਆ ਦੀਵਾ ਬਣਕੇ,
ਨ੍ਹੇਰੇ ਦਿਲ ਰੁਸ਼ਨਾਉਂਦਾ ਖ਼ਤ।
ਸੋਟਾ, ਬਾਟਾ ਹੱਥ ’ਚ ਫੜ ਕੇ,
ਵੇਖੋ ਅਲਖ ਜਗਾਉਂਦਾ ਖ਼ਤ।
ਪੋਲੀਆਂ, ਮਿੱਠੀਆਂ ਤੇ ਖੱਟੀਆਂ,
ਸਭ ਗੱਲਾਂ ਦਰਸਾਉਂਦਾ ਖ਼ਤ।
ਜੋ ਤੂੰ ਮੂੰਹ ਤੇ ਕਹਿਣੋਂ ਸੰਗੇਂ,
ਨਹੀਂ ਭੇਦ ਛੁਪਾਉਂਦਾ ਖ਼ਤ।
✪

ਘਟ ਜਾਂਦੀ ਹੈ ਪੀੜ ਮਨ ਦੇ ਹਰਖ਼ ਦੀ।
ਫੜ ਲਵੇ ਕੋਈ ਬਾਂਹ ਰੁੱਸੇ ਸ਼ਖਸ਼ ਦੀ।
ਦਿੱਤੇ ਹਨ ਦਿਲ ਵੰਡ ਸਾਂਝੀ ਕੰਧ ਨੇ,
ਕਰ ਦਿੰਦੀ ਹੈ ਰਾਖ਼ ਚਿੰਤਨ ਤਲਖ਼ ਦੀ।
ਡੱਬ -ਖੜੱਬੀ ਹੋ ਗਈ ਹੈ ਛਾਂ ਕਿਵੇਂ
ਵੇਖ ਔੜਾਂ ਮਾਰੇ ਹੋਏ ਬਿਰਖ਼ ਦੀ।
ਰੁਕ ਗਈ ਹੈ ਬਾਤ ਹੁੰਗਾਰੇ ਤੋਂ ਬਿਨਾਂ,
ਹੋ ਗਈ ਤੋਰ ਮੱਠੀ ਸ਼ਖਸ਼ ਦੀ।
ਆਦਮੀ, ਇਨਸਾਨ ਜਾਂ ਹੈਵਾਨ ਹੈ,
ਪਰਖਦੀ ਹੀ ਘੜੀ ਉਸ ਨੂੰ ਪਰਖ ਦੀ।
ਘੀ ਦੀ ਨਾਲ ਹੈ ਮਾਂ-ਪੇ ਦੀ ਗਾਲ਼,
ਸਮਝ ਪਿੱਛੋਂ ਆਏਗੀ ਇਸ ਝਿੜਕਦੀ।
ਮੋੜ ਕਟਦੀ ਉੱਤਰੀ ਜੋ ਪਰਬਤੋਂ,
ਵੇਖਣੀ ਹੈ ਤੋਰ ਜ਼ਿੰਦਗੀ ਮਟਕ ਦੀ।
ਰੱਖ ਨਾ ਸਿਰ ਉੱਤੇ ਕਰਜ਼ਾ ਪਿਆਰ ਦਾ,
ਕਰ ਦਿੰਦੀ ਹੈ ਸ਼ਾਂਤ ਸੋਚ ਫ਼ਰਜ਼ ਦੀ।
✪

ਜਿਨ੍ਹਾਂ ਆਪੇ ਅੱਗ ਲਗਾਈ ਹੈ।
ਉਨ੍ਹਾਂ ਆਪੇ ਅੱਗ ਬੁਝਾਈ ਹੈ।
ਨਾ ਬਚਿਆ ਕੁਝ ਵੀ ਬਾਕੀ ਹੈ,
ਕਿਸ ਚੰਦਰੇ ਲੂਤੀ ਲਾਈ ਹੈ।
ਸੱਚਾ ਤਾਂ ਬਸ ਸੱਚ ਹੀ ਕਹਿੰਦਾ ਹੈ,
ਏਹ ਸੱਚੇ ਦੀ ਵਡਿਆਈ ਹੈ।
ਝੂਠੇ ਦਾ ਕੋਈ ਨਾ ਸਾਖੀ ਹੈ,
ਅਤੇ ਦਿੰਦਾ ਕੌਣ ਸਫ਼ਾਈ ਹੈ।
ਲੀਡਰ ਬਸ ਧੋਖਾ ਕਰਦੇ ਨੇ,
ਜਨਤਾ ਦੇ ਹੱਥ ਵਫ਼ਾਈ ਹੈ।
ਵਿਹੜਾ ਹੈ ਕਲੀ ਕਰਾ ਰੱਖਿਆ,
ਜਿੰਦ 'ਡੀਕਾਂ ਨੇ ਭਰਮਾਈ ਹੈ।
ਰਿਸ਼ਤੇ ਵੀ ਖੇਰੂੰ ਖੇਰੂੰ ਨੇ,
ਹਰ ਘਰ ਦੇ ਵਿੱਚ ਲੜਾਈ ਹੈ।
✪

ਜਦ ਕਦੇ ਵਿਹਲ ਮਿਲੇ, ਖ਼ਤ ਲਿਖੀਂ।
ਕਿਵੇਂ ਵਿਛੜੇ ਲੱਗੇ ਗਲੇ, ਖ਼ਤ ਲਿਖੀਂ।
ਹੁੰਦੀ ਰਹੇ ਮੋਹ ਦੀ ਇਬਾਦਤ ਸਦਾ,
ਇਸ ਤਰ੍ਹਾਂ ਸੂਰਜ ਢਲੇ, ਖ਼ਤ ਲਿਖੀਂ।
ਲੋਭੀ ਅਰ ਗੁਸਤਾਖ਼ ਹੈ ਇਹ ਜ਼ਿੰਦਗੀ,
ਹੋਣ ਜੋ ਸ਼ਿਕਵੇ ਗਿਲੇ, ਖ਼ਤ ਲਿਖੀਂ।
ਕਹਿਣ ਦੀ ਥਾਂ ਕੁਝ ਕਰਨ ਦੀ ਫ਼ਿਤਰਤ,
ਡਾਢੇ ਦੀ ਮਿਹਰ ਮਿਲੇ, ਖ਼ਤ ਲਿਖੀਂ।
ਰਹਾਂਗਾ ਰਿਣੀ ਕੀਤੇ, ਅਹਿਸਾਨ ਦਾ,
ਪਿਆਰ ਵਧੇ ਹੋਰ ਫਲੇ, ਖ਼ਤ ਲਿਖੀਂ।
ਕਿਸ ਤਰ੍ਹਾਂ ਉੱਡਦੇ ਨੇ ਚੀਨੇ ਕਬੂਤਰ,
ਕੁਝ ਤਾਂ ਹਾਸਾ ਚਲੇ, ਖ਼ਤ ਲਿਖੀਂ।
ਸੁਣਿਆ ਉਹ ਪਿੰਜਰੇ ਨਹੀਂ ਪੈਂਦੀਆਂ,
ਉੱਡਣ ਅਸਮਾਨ ਖੁਲ੍ਹੇ, ਖ਼ਤ ਲਿਖੀਂ।
ਕਰਨ ਜੋ ਸਦਾ ਇਤਫ਼ਾਕ ਦੀ ਗੱਲ,
ਐਸਾ ਪੜ੍ਹਨ ਨੂੰ ਮਿਲੇ, ਖ਼ਤ ਲਿਖੀਂ।
✪

ਨਾਲੇ ਪੁੰਨ ਤੇ ਨਾਲੇ ਫਲੀਆਂ, ਨਾਲੇ ਬਣੀ ਸਰਦਾਰੀ।
ਕਾਲੇ ਧਨ ਨੂੰ ਚਿੱਟਾ ਕਰ ਗਏ, ਮੰਦਰਾਂ ਵਿੱਚ ਵਪਾਰੀ।
ਨਾ ਕੁਝ ਉਗਣਾਂ, ਨਾ ਫੁੱਲ ਲੱਗਣੇ, ਮਿਲਣੀ ਨਾ ਖ਼ੁਸ਼ਬੋਈ,
ਫੇਰ ਵੀ ਵੇਖ ਨਿਮਾਣੀ ਜ਼ਿੰਦ ਨੇ, ਰੱਖੀ ਬੀਜ ਕਿਆਰੀ।
ਘਰ ਤੋਂ ਚਾਈਂ ਚਾਈਂ ਗਿਆ ਸੀ, ਲੈਣ ਲਈ ਉਹ ਰੋਟੀ,
ਇੱਕ ਸਰਕਾਰੀ ਚਿੱਠੀ ਪੜ੍ਹ ਕੇ, ਪੱਟ ਦੁਹੱਥੜ ਮਾਰੀ।
ਉਸ ਦੇ ਗ਼ਮ ਵਿੱਚ ਡੁੱਬ ਕੇ ਰਹਿ ਗਏ, ਲੋਕ ਪਿੰਡ ਦੇ ਸਾਰੇ,

ਵਿੱਚ ਖ਼ਲਾਅ ਸੀ ਜਦ ਓਸ ਨੇ, ਚੀਕ ਐਸੀ ਇੱਕ ਮਾਰੀ।
ਖਿੰਡੀਆਂ ਪਈਆਂ ਦਿਸਣ ਕੰਚਰਾਂ, ਮੇਰੇ ਦਿਲ ਦੇ ਅੰਦਰ,
ਵੇਖੀਦੀ ਹੈ ਜਦ ਕਦੇ ਵੀ, ਖ਼ੋਲ੍ਹ ਕੇ ਦਿਲ ਦੀ ਬਾਰੀ।
ਅਜੇ ਤਾਂ ਬੰਦਾ ਟੱਪ ਨਾ ਸਕਿਐ, ਆਪਣੇ ਆਪ ਦੀ ਸੀਮਾ,
ਅਜੇ ਮਨੁੱਖ ਦੀ ਸੋਚ ਦੇ ਉੱਤੇ, ਨਿੱਜਵਾਦ ਹੈ ਭਾਰੀ।
ਬਣ ਕੇ ਢਾਰਸ ਬਹੁੜ ਜਾਂਦੀਆਂ ਓਸ ਸਮੇਂ ਦੀਆਂ ਰੀਝਾਂ,
ਜੋ ਕਦੇ ਸਨ ਮਨ ਚਿਤਵੀਆਂ, ਕੱਢਣ ਸਮੇਂ ਫੁਲਕਾਰੀ।
ਰੁੱਖਾਂ ਦਾ ਪਰਛਾਵਾਂ ਬਣ ਕੇ, ਸੜਕ ਉੱਤੇ ਵਿੱਛ ਜਾਵਾਂ,
ਹੋਂਦ ਰਹੇਗੀ ਸਦਾ ਸਲਾਮਤ, ਮਸਲ ਲੰਘੀ ਸੌ ਵਾਰੀ।
✪

ਚਿੰਤਾ ਦੇ ਦਾਇਰਿਆਂ 'ਚ ਘਿਰ ਗਿਆ ਹੈ ਆਦਮੀ।
ਸੋਚਦਾ ਹੀ ਸੋਚਦਾ ਕਿਰ ਗਿਆ ਹੈ ਆਦਮੀ।
ਦਿਲ ਵਿੱਚ ਉਸ ਦਾ ਅਜੇ ਵੀ ਓਹੀ ਸਥਾਨ ਹੈ।
ਵਿਛੜੇ ਨੂੰ ਭਾਵੇਂ ਹੋ ਚਿਰ ਗਿਆ ਹੈ ਆਦਮੀ।
ਮਸਜਿਦ, ਮੰਦਰ, ਗੁਰੂਦੁਆਰੇ ਵਸਦੇ ਠੱਗ ਨੇ,
ਸੱਚ ਤਾਂ ਇਹ ਕਿ ਬਣ ਕਾਫਰ ਗਿਆ ਹੈ ਆਦਮੀ।
ਸਮਾਂ ਤੇ ਆਦਮੀ ਰੁਕਣਾ ਕਦੇ ਨਾ ਜਾਣਦੇ,
ਤਾਂ ਹੀ ਤਾਂ ਬਣ ਮੁਸਾਫ਼ਿਰ ਗਿਆ ਹੈ ਆਦਮੀ।
ਤੇਸੇ ਦਾ ਨਹੀਂ ਉਹ ਫਰਿਆਦ ਦਾ ਸਿਦਕ ਸੀ।
ਤਾਈਓਂ ਪਬਰਤ ਪਾਰ ਕਰ ਗਿਆ ਹੈ ਆਦਮੀ।
ਸਭ ਦੇ ਦਿਲਾਂ ਵਿੱਚ ਸਦਾ ਹੀ ਜੀਵਤ ਰਹੇਗਾ,
ਲੋਕਾਂ ਦੇ ਭਲੇ ਲਈ ਮਰ ਗਿਆ ਹੈ ਆਦਮੀ।
ਹਰ ਪਲ ਹੀ ਜਿਸ ਨੇ ਨਫ਼ਰਤ ਦਾ ਬੀਜ ਬੀਜਿਆ,
ਬਿਨ ਆਈ ਮੌਤ ਉਹ ਮਰ ਗਿਆ ਹੈ ਆਦਮੀ।
ਕੱਲ੍ਹ ਤੱਕ ਜੋ ਦਿੰਦਾ ਰਿਹਾ ਸੱਚ ਦਾ ਪੈਗ਼ਾਮ ਸੀ,
ਅੱਜ ਵੇਖੋ ਆਪ ਉਹ ਫਿਰ ਗਿਆ ਹੈ ਆਦਮੀ।
ਮਿਲਦਾ ਜਦ ਕਦੇ ਵੀ ਮਿਲਦਾ ਰੱਬ ਦੇ ਰੂਪ ਵਿੱਚ,
ਬਸ ਐਨੇ ਨਾਲ 'ਜਰਨੈਲ' ਵਿਰ ਗਿਆ ਹੈ ਆਦਮੀ।
✪

ਸਦਾਚਾਰ ਦਾ ਬੁਰਕਾ ਪਾਈਏ।
ਐਦਾਂ ਸਭ ਦਾ ਮਨ ਭਰਮਾਈਏ।
ਬਿਨਾਂ ਕਾਰਨੋਂ ਰੋਹਬ ਜਮਾਈਏ,
ਕੁੰਢੀਆਂ ਮੁੱਛਾਂ ਵੱਟ ਵਿਖਾਈਏ।
ਧੱਕੇ ਖਾਣਾ ਕੰਮ ਲੋਕਾਂ ਦਾ ,
ਅਸੀਂ ਕਾਸਤੋਂ ਧੱਕੇ ਖਾਈਏ।
ਸਾਡਾ ਕੰਮ ਬਸ ਇਹੋ ਸੋਚਣੈ,
ਕਿਹੜੇ ਰੰਗ ਦੀ ਪੱਗ ਰੰਗਾਈਏ।
ਤੁਸੀਂ ਸੂਲ਼ੀ ਦੀ ਛਾਲ ਲਗਾਓ,
ਅਸੀਂ ਕੁਰਸੀ ਦੀ ਖੈਰ ਮਨਾਈਏ।
ਕੱਲ ਓਧਰ ਸੀ ਅੱਜ ਇਧਰ ਹਾਂ,

ਡੱਡੂ ਵਾਂਗ ਟਪੂਸੀ ਲਾਈਏ।
ਏਹੋ ਸਾਡੀ ਕਰਾਮਾਤ ਹੈ,
ਤਲੀਆਂ ਉੱਤੇ ਸਰ੍ਹੋਂ ਜਮਾਈਏ।
✪

ਧਰਤੀ ਦੇ ਵਿੱਚ ਪਾੜ ਪਵਾਈਏ,
ਅਸੀਂ ਅੰਬਰ ਨੂੰ ਟਾਕੀ ਲਾਈਏ।
ਖ਼ਾਨਦਾਨੀ ਹਾਂ ਅਸੀਂ ਮਛੇਰੇ,
ਕੁੰਡੀ ਲਾ ਕੇ ਮੀਨ ਫਸਾਈਏ।
ਲੱਖ ਐਬਾਂ ਦੇ ਹੁੰਦੇ-ਸੁੰਦੇ
ਫਿਰ ਵੀ ਨਾਢੂ ਖਾਂ ਅਖਵਾਈਏ।
ਲੂਤੀ ਲਾਉਣਾ ਕੰਮ ਹੈ ਸਾਡਾ,
ਇੱਕ ਛੁਡਾਈਏ ਇੱਕ ਫਸਾਈਏ।
ਜਿਉਂਦੇ ਨੂੰ ਮਿੱਟੀ ਦਫ਼ਨਾਈਏ,
ਦੱਬੇ ਮੁਰਦੇ ਕੱਢ ਵਿਖਾਈਏ।
ਕਿਹੜਾ ਸਾਡੀ ਪੈੜ ਕੱਢਲੂ,
ਮੁੱਢੋਂ ਖੁਰਾ ਖੋਜ ਮਟਾਈਏ।
✪

## ਪੰਖੇਰੂ

ਉੱਡ ਕੇ ਪੰਖੇਰੂ ਆਏ
ਸਾਡੇ ਜੋ ਸੀ ਆਲ੍ਹਣੇ
ਕੱਲ੍ਹ ਉਹੋ ਵਿਦਾ ਹੋਏ
ਮਾਰ ਗਏ ਉਡਾਰੀਆਂ।
ਵਿਹੜੇ ਦੇ ਸੀ ਰੁੱਖ ਉੱਤੇ
ਚਿੜਾ ਚਿੜੀ ਚੋਟ ਪਾਲ਼ੇ
ਉੱਡਣੇ ਤੇ ਬੋਟ ਆਏ
ਕਰ ਗਏ ਕਿਨਾਰੀਆਂ।
ਚੁੱਪ ਚਾਪ ਟਾਹਣੀਆਂ ਤੇ
ਆਪਸੀ ਦਿਲਾਸਾ ਦਿੰਦੇ
ਦੂਰ ਨੇ ਚੁਗਣ ਚੱਲੇ
ਕੰਗਣਾਂ ਖਿਲਾਰੀਆਂ।
ਨਿੱਕੇ ਨਿੱਕੇ ਖੰਭਾਂ ਨੂੰ ਮੈਂ
ਤਲੀ ਰੱਖ ਫੂਕ ਮਾਰਾਂ
ਉੱਡੇ ਜਦ ਹੱਸਿਆ ਤਾਂ
ਮਾਰ ਮਾਰ ਤਾੜੀਆਂ।
ਪਿਆਰ ਸਦਾ ਰੂਹਾਂ ਅਤੇ
ਦਿਲਾਂ ਦਾ ਹੀ ਮੇਲ ਹੁੰਦਾ
ਤਾਈਓਂ ਤਾਂ ਵਿਯੋਗ ਅੱਗੇ
ਰੂਹਾਂ ਸਦਾ ਹਾਰੀਆਂ।

ਦੇ ਦੇ ਥਾਪੜੇ ਉਹ
ਰੱਖਦੇ ਸੁਆਲ ਕੇ ਨੇ
ਦਿਲ ਵਿੱਚ ਸਾਂਭ ਦੇ ਨੇ
ਰੀਝਾਂ ਜੋ ਕੁਆਰੀਆਂ।
ਮੁੜ ਉਹਨਾਂ ਆਉਣ ਤੀਕ
ਭਖਦੀ ਜਵਾਲਾ ਰਹੂ
ਜੇਠ ਦੀਆਂ ਲੋਆਂ ਭਲਾ
ਦੇਣ ਕਦ ਠਾਰੀਆਂ।
ਹਸਰਤਾਂ ਨੂੰ ਰੱਖ ਲੈ ਤੂੰ
ਦਿਲ ਵਿੱਚ ਸਾਂਭ ਜ਼ਿੰਦੇ
ਮੁੜਿਆਂ ਦੇ ਝੋਲੀ ਪਾਈਂ
ਪਾਲ਼ੀਂ ਦਿਲਦਾਰੀਆਂ।
ਆਪਣੀ ਤਾਂ ਮੇਰ ਦੀਆਂ
ਊਣੀਆਂ ਕਦੇ ਨਾ ਹੋਣ
ਮਹਿਕਾਂ ਦੀਆਂ ਭਰੀਆਂ ਜੋ
ਪਈਆਂ ਨੇ ਪਟਾਰੀਆਂ।
ਜ਼ਿੰਦਗੀ ਜੋ ਤੀਕ ਰਹੇ
ਫਿੱਕ ਨਾ ਵਿਖਾਏ ਭੋਰਾ
ਐਸਾ ਹੈ ਰੰਗਾਇਆ ਰੰਗ
ਆਖ ਕੇ ਲਲਾਰੀਆਂ।
ਰੂਹਾਂ ਕੁਰਲਾਉਣ ਕਾਹਤੋਂ
ਓਪਰੀਆਂ ਜੂਹਾਂ ਵਿੱਚ
ਜੇ ਨਾ ਕਦੇ ਹੋਣ ਉਹੋ
ਵਕਤਾਂ ਨੇ ਮਾਰੀਆਂ।
ਮਾਲੀ ਦਾ ਸੁਭਾਅ ਹੁੰਦਾ
ਫੁੱਲਾਂ ਉੱਤੇ ਰੀਝਣੇ ਦਾ
ਫੁੱਲਾਂ ਵਾਝੋਂ ਵੇਖ ਪਈਆਂ
ਸੁੰਨੀਆਂ ਕਿਆਰੀਆਂ।

✪

## ਗੀਤ - 1

ਚੁੱਪ ਚਾਪ ਜ਼ਿੰਦਗੀ ਲੰਘਾਉਣੀ ਸਿੱਖ ਲਈ।
ਗ਼ਮਾਂ ਸੰਗ ਜ਼ਿੰਦ ਪਰਚਾਉਣੀ ਸਿੱਖ ਲਈ।
ਦੁੱਖ ਹੁੰਦਾ ਆਪਣਾ ਜੇ ਸਾਇਆ ਰੁੱਸ ਜੇ।
ਆਪਣਾ ਬਣਾਇਆ ਜੇ ਪਿਆਰਾ ਰੁੱਸ ਜੇ।
ਹੌਲੀ ਹੌਲੀ ਪੀੜ ਮੈਂ ਸੁਆਉਣੀ ਸਿੱਖ ਲਈ।
ਦੁੱਖ ਬੁਰਾ ਹੁੰਦਾ ਜਿਹੜਾ ਦੱਸ ਹੋਏ ਨਾ।
ਆਪਣੀ ਹੀ ਲਾਸ਼ ਕੋਲ ਬੈਠ ਰੋਏ ਨਾ।
ਭਰੇ ਹਿਟਕੋਰੇ ਮੈਂ ਵਰਾਉਣੀ ਸਿੱਖ ਲਈ।
ਫੁੱਲ ਪੱਤੇ ਸਾਥ ਤੋਂ ਜਵਾਬ ਦੇ ਗਏ।
ਉਮਰਾਂ ਦੇ ਦੁੱਖ ਸਾਰੇ ਝੋਲੀ ਪਾ ਲਏ।
ਧੁਖ ਰਹੀ ਜ਼ਿੰਦ ਮੈਂ ਬੁਝਾਉਣੀ ਸਿੱਖ ਲਈ।

ਛਾਂਗਿਆ ਗਮਾਂ ਦਾ ਲਗਦਾ ਫ਼ਕੀਰ ਹੈ।
ਜ਼ਿੰਦਗੀ ਨੂੰ ਆਖੇ ਪਾਣੀ ਤੇ ਲਕੀਰ ਹੈ।
ਬਾਕੀ ਰਹਿੰਦੀ ਜ਼ਿੰਦ ਇਉਂ ਟਪਾਉਣੀ ਸਿੱਖ ਲਈ।
ਖੜ੍ਹੇ ਪਾਣੀ ਮਾਰੀ ਕੱਚੀ ਡਲੀ ਖੁਰ ਗਈ।
ਵਾਹ ਕੇ ਚੱਕਰ ਕੰਢਿਆਂ ਨੂੰ ਤੁਰ ਗਈ।
ਢਾਰਸਾਂ ਦੇ ਜ਼ਿੰਦ ਸਮਝਾਉਣੀ ਸਿੱਖ ਲਈ।
ਚੁਰੱਸਤੇ ਦਾ ਰੋੜਾ ਜਾਪੇ ਬੜੀ ਜ਼ਿੰਦਗੀ।
ਮਿੱਟੀ ਘੱਟਿਆਂ 'ਚ ਸਾਰੀ ਛਣੀ ਜ਼ਿੰਦਗੀ।
ਰੁਲੀ ਹੋਈ ਹੋਰ ਮੈਂ ਰੁਲਾਉਣੀ ਸਿੱਖ ਲਈ।
✪

## ਗੀਤ - 2
ਦਿਲ ਦੇ ਅੰਦਰ ਮੱਚਿਐ ਮੱਠਾ ਮੱਠਾ ਸ਼ੋਰ।
ਮੌਕੇ ਤੇ ਗਿਆ ਪਕੜਿਆ ਚੋਰੀ ਕਰਦਾ ਚੋਰ।
ਬਾਗਾਂ ਦੇ ਵਿੱਚ ਗਾ ਰਹੀ ਬੁਲਬੁਲ ਆਪਣਾ ਗੀਤ।
ਆ ਖਾਂ ਸੱਜਣ ਰਾਂਗਲੇ ਸੁਣ ਲੈ ਮੇਰੇ ਮੀਤ।
ਮਸਤੀ ਦੇ ਵਿੱਚ ਝੂਮਦਾ ਪੈਲਾਂ ਪਾਵੇ ਮੋਰ।
ਪਈਆਂ ਰਾਹਾਂ ਛਿੜਕੀਆਂ ਲੱਗੇ ਦੀਪ ਜਗਾਉਣ।
ਖ਼ੁਸ਼ੀਆਂ ਝੁਰਮਟ ਪਾ ਲਿਆ ਵੇਖੋ ਆਇਆ ਕੌਣ।
ਖੀਵੇ ਹੋ ਹੋ ਨੱਚਦੇ ਪੈਰ ਝਾਂਜਰਾਂ ਬੋਰ।
ਸਦਾ ਸੁਹਾਵੀ ਧਰਤ ਨੇ ਭਰੀ ਫੁੱਲਾਂ ਦੀ ਝੋਲ।
ਖੜ੍ਹੇ ਝੀਲ ਦੇ ਪਾਣੀਆਂ ਤਾਰੇ ਕਰਨ ਕਲੋਲ।
ਰਾਤਾਂ ਲੱਗਣ ਸੋਹਣੀਆਂ ਹੋਰ ਸੋਹਣੀਆਂ ਹੋਰ।
ਪਏ ਨੇ ਸਭ ਲਾਚੜੇ ਕਦ ਕੋਈ ਮੰਨਦਾ ਝੇਪ।
ਹਰ ਚਿਹਰੇ ਤੇ ਲਗਦਾ ਖ਼ੁਸ਼ੀਆਂ ਕੀਤਾ ਲੇਪ।
ਪਾਉਂਦੇ ਸਭ ਖਰੂਦ ਨੇ ਬਦਲੀ ਸਭ ਦੀ ਟੋਰ।

ਕੌਣ ਚੁਰਾ ਕੇ ਲੈ ਗਿਆ ਨੈਣਾਂ ਵਿੱਚੋਂ ਨੀਂਦ।
ਇਸ ਚੋਰ ਨੂੰ ਫੜਨ ਦੀ ਰੱਖੀ ਛੱਡ ਉਮੀਦ।
ਪਿੱਛੇ ਭੌਂ ਨਾ ਤੱਕਿਆ ਲੈ ਗਿਆ ਸਭ ਬਟੋਰ।
✪

## ਗੀਤ - 3
ਫੱਟੜਾਂ ਨੂੰ ਰਹਿਣ ਦੇਵੋ,
ਆਪਣੀ ਹੀ ਰੇਖ ਤੇ।
ਲੜਣਗੇ ਹੁਣ ਜੰਗਜੂ,

ਆਪਣੀ ਹੀ ਟੇਕ ਤੇ।
ਜੁਗਨੂੰਆਂ ਨੇ ਕੱਟਣਾ,
ਹੈ ਪੰਧ ਅੰਧੇਰ ਦਾ।
ਸਰਘੀ ਨੇ ਹੈ ਖੋਲ੍ਹ ਣਾ,
ਬੂਹਾ ਸਵੇਰ ਦਾ।
ਗੀਤ ਹੈ ਇਹ ਗੂੰਜਣਾ,
ਸਮਿਆਂ ਦੀ ਟੇਪ ਤੇ।
ਜਾਓ ਕਿ ਜਾਓ ਯਾਰੋ,
ਪਿੱਛੇਂ ਨਹੀਂ ਝਾਕਣਾ।
ਕਿੰਨਾ ਕੁ ਡੂੰਘਾ ਹੈ ਰਸਤਾ,
ਆਪੇ ਹੀ ਮਾਪਣਾ।
ਛੱਡ ਦਿਓ ਹੁਣ ਝੂਰਨਾ,
ਮੱਥੇ ਦੀ ਰੇਖ ਤੇ।

ਜੰਗਲ ਨੂੰ ਅੱਗ ਹੈ,
ਇੱਕ ਨੂੰ ਵਲੇਵਾਂ ਨਹੀਂ।
ਕੱਟ ਗਏ ਇੱਕ ਰੁੱਖ ਦਾ,
ਉਸ ਨੂੰ ਉਦਰੇਵਾਂ ਨਹੀਂ
ਫੇਰੇਗਾ ਲੀਕ ਉਸਦੇ
ਮੰਦਭਾਗੇ ਲੇਖ ਤੇ।
ਪੌਣਾਂ 'ਚ ਫਿਰ ਅੱਜ,
ਸੁਗੰਧੀਆਂ ਨੇ ਘੋਲੀਆਂ।
ਬੀਮਾਰ ਪਈਆਂ ਹਸਰਤਾਂ,
ਫਿਰ ਨੇ ਅੱਜ ਮੌਲੀਆਂ।
ਕੱਟੇ ਸਭੇ ਜਾਣਗੇ,
ਖੰਭ ਜੋ ਫਰੇਬ ਦੇ।
✪

## ਗੀਤ - 4

ਵਾਹ! ਮੇਰੇ ਮਜ਼ਦੂਰ ਕਿਸਾਨਾ,
ਕਿਉਂ ਹੈ ਕਿਸਮਤ ਖੋਟੀ?
ਸੁਣ ਕੇ ਤੇਰੀ ਜੀਵਣ ਵਿਥਿਆ,
ਮੂੰਹ ਵਿੱਚ ਫੁਲਦੀ ਰੋਟੀ।
ਕਿੰਨੇ ਭਾਖੜੇ ਤੂੰ ਬਣਾਏ,
ਕਿੰਨੇ ਮਹਿਲ ਮੁਨਾਰੇ।
ਤੇਰੀ ਕਿਸ਼ਤੀ ਘੁੰਮਣ ਘੇਰੀਂ,

ਲੱਗੀ ਨਾ ਦਿਸੇ ਕਿਨਾਰੇ।
ਜਦ ਤੱਕ ਤੇਰੀ ਆਪਣਿਆਂ ਦੇ,
ਨਾਲ ਨੀ ਪੈਂਦੀ ਜੋਟੀ।
ਵਰਸਣ ਦੇ ਲਈ ਤੇਰੇ ਸਿਰੇ ਤੇ ,
ਬਹੁਤ ਘਟਾਵਾਂ ਆਈਆਂ।
ਤਪਸ਼ ਤੇਰੀ ਨੂੰ ਹੋਰ ਵਧਾ ਕੇ,
ਬਿਨ ਵਰ੍ਹਿ ਆਂ ਲੰਘ ਗਈਆਂ।
ਹਰ ਮੰਡੀ ਵਿੱਚ ਤੇਰੀ ਕਿਰਤ ਦੀ,
ਪੈਂਦੀ ਦਿਸਦੀ ਲੋਟੀ।

ਤੇਰੇ ਚਾਰ ਚੁਫੇਰੇ ਇੰਨਾਂ,
ਤੰਦੂਆ ਜਾਲ ਵਿਛਾਇਆ।
ਛਲ਼ਣ ਲਈ ਹੈ ਤੈਨੂੰ ਛਲ਼ੀਏ,
ਇਹਦੇ ਵਿੱਚ ਫਸਾਇਆ।
ਤੇਰੇ ਬਲ ਨੇ ਕਦੋਂ ਜਾਗਣਾ,
ਕਦੋਂ ਚੁੰਘਾਉਂਣੀ ਝੋਟੀ।
ਕੰਮ ਕਰਦਿਆਂ ਪੋਟੇ ਘਸ ਗਏ,
ਘਸੀਆਂ ਹੱਥ ਲਕੀਰਾਂ।
ਤੇਰਿਆ ਹੱਥਾਂ ਨੇ ਹੀ ਵਾਹੀਆਂ,
ਦੇਸ਼ ਦੀਆਂ ਤਕਦੀਰਾਂ,
ਤੇਰੀ ਕਿਸਮਤ ਭਲਿਆ ਲੋਕਾ
ਲੀਰਾਂ ਵਿੱਚ ਲਪੇਟੀ।
✪

## ਗੀਤ - 5

ਝੂਠ ਜਾਣ ਸਨਮਾਨੇ, ਸੱਚ ਨੂੰ ਮਿਲੇ ਸਜਾ।
ਚੜ੍ਹ ੀ ਝੂਠ ਦੀ ਗੁੱਡੀ, ਰਹਿਣੀ ਨਹੀਂ ਸਦਾ
ਹਾਰ ਹੁੰਦੀ ਹੈ ਸਦਾ ਹੌਂਸਲੇ ਹਾਰਿਆਂ ਤੋਂ।
ਪੈਰ ਚੁੰਮਦੀਆਂ ਜਿੱਤਾਂ ਜਾਨਾ ਵਾਰਿਆਂ ਤੋਂ।
ਕੂੜ ਕੱਚ ਦਾ ਭਾਂਡਾਂ ਟੁੱਟਣਾ ਵਿੱਚ ਪਰ੍ਹ ਾ।
ਚੜ੍ਹੇ ਕੁ਼ਫਰ ਦੇ ਬੱਦਲ ਡਿੱਗਣੇ ਫਰਸ਼ਾਂ ਤੇ।
ਸੱਚ ਜਿੰਨਾਂ ਦੇ ਪੱਲੇ ਚੜ੍ਹ ਨੇ ਅਰਸ਼ਾਂ ਤੇ।
ਸੱਚੇ ਮਾਰਗ ਚਲਦੇ ਮਿਲਦੀ ਸਾਬ੍ਹ ਾ ਸਾਬ੍ਹ ਾ।
ਵਿੱਚ ਹਵਾ ਦੇ ਮਾਰਨ ਐਵੇਂ ਡਾਗਾਂ ਜੋ।
ਪਲਾਂ ਛਿਣਾ ਵਿੱਚ ਜਾਂਦੇ ਬੰਦੇ ਛਾਂਗੇ ਉਹ।
ਪੱਤਿਆਂ ਵਾਂਗੂੰ ਉਡਦੇ ਚੱਲੇ ਤੇਜ ਹਵਾ।
ਮਿਲਦੀ ਹੈ ਫਿਟ ਲਾਹਨਤ ਸਿਦਕੋਂ ਹਾਰਿਆਂ ਨੂੰ।
ਹੁੰਦੀਆਂ ਰਹਿਣ ਸਲਾਮਾਂ ਸਿੱਦਕਾਂ ਵਾਲਿਆਂ ਨੂੰ।
ਸੁਣਲੋ ਭਾਵੇਂ ਗੀਤ ਗੂੰਜਦੇ ਵਿੱਚ ਫ਼ਜਾ।
ਖੋਲ੍ਹ ਮੁੰਦੀਆਂ ਅੱਖਾਂ ਵੇਲਾ ਜਾਗਣ ਦਾ।
ਚੁੱਪ ਕਰਕੇ ਨਾ ਬੈਠੋ ਰਾਗ ਅਲਾਪਣ ਦਾ।

ਚੁੱਕ ਸੋਚ ਕੇ ਕਦਮਾਂ ਖਾਧਾ ਬੜਾ ਦਗਾ।
ਵੇਖ ਕਦੀ ਨਾ ਭਟਕੀਂ ਆਪਣੇ ਰਾਹਾਂ ਤੋਂ।
ਰੱਖੀ ਫ਼ਰਜ ਪਿਆਰੇ ਆਪਣੇ ਸਾਹਾਂ ਤੋਂ।
ਵਰਤੀ ਕਿਤੇ ਕੁਤਾਹੀ ਲੋਹੜਾ ਆਊ ਬੜਾ।
ਸਦਾ ਸੁਹਾਗਣ ਧਰਤੀ ਮਹਿਕਾਂ ਵੰਡੇਗੀ।
ਵੰਡੂ ਪਿਆਰ ਦੀਆਂ ਦਾਤਾਂ ਨਫ਼ਰਤ ਛੰਡੇਗੀ।
ਤੂੰ ਤਾਂ ਆਪਣੀਆਂ ਕਹੀਆਂ ਯਾਰਾ ਤੋੜ ਨਿਭਾ।
✪

## ਗੀਤ - 6

ਦੇਸ਼ ਦੇ ਸ਼ਹੀਦੋ ਥੋਨੂੰ ਲੱਖ ਪ੍ਰਣਾਮ।
ਕੌਮ ਦਿਉ ਸ਼ਮ੍ਹ ਾਦਾਨੋਂ, ਥੋਨੂੰ ਹੈ ਸਲਾਮ।
ਤੁਸੀਂ ਜਿੰਦੜੀਆਂ ਦੇਸ਼ ਉੱਤੋ ਵਾਰੀਆਂ।
ਤਾਈਓਂ ਕਰਨ,
ਤਾਈਉਂ ਕਰਨ ਸਲਾਮਾਂ ਕੌਮਾਂ ਸਾਰੀਆਂ।
ਦੇਸ਼ ਭਗਤੀ ਤੋਂ ਉੱਚਾ ਹੋਰ ਭਗਤੀ ਦਾ ਨਾਮ ਨਹੀਂ।
ਭਗਤੀ ਦਾ ਨਾਮ ਨਹੀਂ।
ਲੋਕ ਸ਼ਕਤੀ ਤੋਂ ਉੱਚਾ ਹੋਰ ਸ਼ਕਤੀ ਦਾ ਨਾਮ ਨਹੀਂ।
ਸ਼ਕਤੀ ਦਾ ਨਾਮ ਨਹੀਂ।
ਕੈਸਾ ਰਚਿਆ ਸੀ ਖੇਲ, ਹੋਇਆ ਦੋਹਾਂ ਦਾ ਸੀ ਮੇਲ,
ਫੁੱਲਾਂ ਕੰਡਿਆਂ ਨਿਭਾਈਆਂ ਨਾਲ ਯਾਰੀਆਂ।
ਤਾਰਿਆਂ ਦੇ ਵਾਂਗੂੰ ਰਹੇ, ਨ੍ਹੇਰਿਆਂ 'ਚ ਹੱਸਦੇ।
ਨੇਰ੍ਹਿਆਂ 'ਚ ਹੱਸਦੇ।
ਫੁੱਲਾਂ ਵਾਂਗੂੰ ਸਾਡੇ ਹੁਣ, ਦਿਲਾਂ ਵਿੱਚ ਵੱਸਦੇ।
ਦਿਲਾਂ ਵਿੱਚ ਵੱਸਦੇ।
ਥੋੜੀ ਘਟੇ ਨਾ ਸੁਗੰਧੀ, ਸਗੋਂ ਛੂੰਹਦੀ ਹੈ ਬੁਲੰਦੀ,
ਹਰ ਰੁੱਤ ਵਿੱਚ ਮਹਿਕਾਂ ਖਿਲਾਰੀਆਂ।

ਜੰਮੂ ਕਸਮੀਰ ਤੋਂ ਲੈ ਕੰਨਿਆ ਕੁਮਾਰੀ ਹੈ।
ਕੰਨਿਆ ਕੁਮਾਰੀ ਹੈ।
ਅੱਡੋ ਅੱਡ ਫੁੱਲ ਖਿੜ੍ਹੇ, ਇੱਕੋ ਹੀ ਕਿਆਰੀ ਹੈ।
ਇੱਕੋ ਹੀ ਕਿਆਰੀ ਹੈ।
ਵੱਖ ਵੱਖ ਨੇ ਭਾਸ਼ਾਵਾਂ, ਪਰ ਸਾਂਝੀਆਂ ਦੁਆਵਾਂ,
ਰਹਿਣ ਖੁਸ਼ੀਆਂ 'ਚ ਚੜ੍ਹੀਆਂ ਖੁਮਾਰੀਆਂ।
ਅਣਖਾਂ ਦਾ ਪਹਿਰੇਦਾਰ ਮੁੱਢ ਤੋਂ ਪੰਜਾਬ ਹੈ।
ਮੁੱਢ ਤੋਂ ਪੰਜਾਬ ਹੈ।
ਗੂੰਗਿਆਂ ਦੀ ਰਿਹਾ ਸਦਾ, ਬਣਿਆ ਆਵਾਜ਼ ਹੈ।
ਬਣਿਆ ਆਵਾਜ਼ ਹੈ।
ਜੀਹਨੇ ਏਸ ਨੂੰ ਸਤਾਇਆ, ਹੱਥ ਕਰਕੇ ਵਿਖਾਇਆ।

ਵੇਖ ਗਿੱਦੜਾਂ ਨੇ ਸ਼ੇਰ ਚੀਕਾਂ ਮਾਰੀਆਂ।
✪

## ਗੀਤ - 7

(ਲੋਕ-ਕਾਵਿ-ਰੂਪ ਤੇ ਅਧਾਰਿਤ ਸਿੱਠਣੀਆਂ)
ਦੱਸ ਭਾਗ ਸਿਆਂ ਕਿਧਰ ਨੂੰ ਜਾਈਏ,
ਚੱਜ ਦਾ ਨਾ ਲੀਡਰ ਦਿਸੇ।
ਹੱਥ ਕੀਹਦੇ ਵੱਲ ਸੱਜਣੋ ਵਧਾਈਏ,
ਚੱਜ ਦਾ ਨਾ ਲੀਡਰ ਦਿਸੇ।
ਇਹ ਤਾਂ ਵੱਡਿਆਂ ਢਿੱਡਾਂ ਨੇ ਵਾਲੇ,
ਢਿੱਡ ਕਦੋਂ ਇਨ੍ਹਾਂ ਦਾ ਭਰੂ?
ਸਾਡੇ ਘਰਾਂ ਵਿੱਚ ਵਿਲਕਦੇ ਨਿਆਣੇ,
ਕਿਵੇਂ ਦੱਸ ਆਪਣਾ ਸਰੂ?
ਚੱਲ ਹਰੀ ਕੇ ਪੱਤਣ ਸੁਟ ਆਈਏ।
ਚੱਜ ਦਾ ਨਾਂ ਲੀਡਰ ਦਿਸੇ।

ਹੁੰਦੀ ਝੋਟਿਆਂ ਦੇ ਘਰ ਕਦ ਲੱਸੀ,
ਸਾਡੀ ਵੀ ਗਈ ਮੱਤ ਹੈ ਮਾਰੀ।
ਅਸੀਂ ਵੇਖੀ ਨਾ ਕਦੇ ਵੀ ਸਿਰੇ ਲੱਗੀ,
ਹੈ ਧੋਖੇਵਾਜ ਇਹਨਾਂ ਦੀ ਯਾਰੀ।
ਧੋਖੇਵਾਜਾਂ ਨੂੰ ਕੀ ਹੋਰ ਪਰਤਿਆਈਏ।
ਚੱਜ ਦਾ ਨਾ ਲੀਡਰ ਦਿਸੇ।
ਹੱਥੀ ਆਪਣੇ ਬਣਾ ਕੇ ਅਸੀਂ ਤੋਰੇ,
ਕਦੇ ਨਾ ਸਾਡੇ ਬਣ ਕੇ ਰਹੇ।
ਕੋਈ ਹਾਅ ਦਾ ਨਾਹਰਾ ਵੀ ਨਾ ਆ ਕੇ ਮਾਰੇ,
ਜਦੋਂ ਵੀ ਅਸੀਂ ਦੁਖੜੇ ਸਹੇ।
ਭੇਦ ਇੰਨਾਂ ਦੇ ਭੋਲਿਓ ਪਾਈਏ।
ਚੱਜ ਦਾ ਨਾ ਲੀਡਰ ਦਿਸੇ।
ਅਸੀਂ ਡਿੱਗੀਏ ਤੇ ਉੱਠ, ਖੜ੍ਹ ਰਹੀਏ,
ਤੇ ਕਹੀਏ ਅਸੀਂ ਮਗਰੋਂ ਹੱਪੜੇ।
ਅਸੀਂ ਸਿਰੇ ਵਾਲੇ ਰਹੇ ਹਾਂ ਕਿਆਰੇ,
ਸਾਨੂੰ ਨਾਂ ਕਦੇ ਪਾਣੀ ਅੱਪੜੇ।
ਪਹਿਲਾਂ ਭੁੱਲੇ ਸੀ ਨਾਂ ਹੁਣ ਭੁੱਲ ਜਾਈਏ।
ਚੱਜ ਦਾ ਨਾ ਲੀਡਰ ਦਿਸੇ।
ਉਹ ਵੀ ਬਣ ਗਏ ਨੇ ਡੱਡਾਂ ਦੀ ਪੰਸੇਰੀ,
ਜਿਹਨਾਂ ਦੇ ਪਿੱਛੇ ਮੁੱਕੇ ਸੀ ਤਣੇ।

ਇੱਟ ਚੁੱਕੀ ਤੋਂ ਨਿਕਲ ਫੱਟ ਆਉਂਦੇ,
ਹੈ ਫਿਰਦੇ ਨੇ ਲੀਡਰ ਘਣੇ।
ਤਾਣੀ ਉਲਝੀ ਨੂੰ ਕਿਵੇਂ ਸੁਲਝਾਈਏ।
✪

## ਗੀਤ - 8

ਅਸੀਂ ਮਿੱਟੀ ਪੰਜਾਬ ਦੇ ਜਾਏ,
ਉੱਚੀ ਸਾਡੀ ਸ਼ਾਨ ਕੁੜੇ।
ਹਰ ਗੱਭਰੂ ਹੈ ਭਗਤ ਸਰਾਭਾ,
ਹੈ ਝਾਂਸੀ ਹਰ ਰਕਾਨ ਕੁੜੇ।
ਦੇਸ਼ ਦੀ ਖ਼ਾਤਿਰ ਹੈ ਮਰ ਮਿਟ ਜਾਣਾ,
ਸਾਨੂੰ ਮਾਂ ਦੇ ਦੁੱਧ ਦੀ ਸਿੱਖਿਆ।
ਨਫ਼ਰਤ ਦੇ ਜੜ੍ਹ ੀਂ ਤੇਲ ਡੋਲ੍ਹ ਕੇ,
ਪਿਆਰਾਂ ਦੀ ਅਸੀਂ ਮੰਗੀਏ ਭਿੱਖਿਆ।
ਹਰ ਦੁਖੀਏ ਨੂੰ ਗਲ਼ੇ ਲਗਾ ਕੇ,
ਵਾਰ ਦੇਈਏ ਜਿੰਦ ਜਾਨ ਕੁੜੇ।
ਸਾਡੀ ਮਿੱਟੀ ਮਹਿਕਾਂ ਵੰਡੇ,
ਮਹਿਕਾਂ ਦੇ ਵਣਜਾਰਿਓ ਉਏ।
ਇਸ ਮਿੱਟੀ ਵਿੱਚ ਖੋਟ ਨਾ ਕੋਈ,
ਸੁਣਲੋ ਦੁਨੀਆਂ ਵਾਲਿਓ ਉਏ।
ਇਹ ਉਹਨੂੰ ਨਾ ਦੇਵੇ ਢੋਈ,
ਜੋ ਬਣਦੇ ਸ਼ੈਤਾਨ ਕੁੜੇ।
ਗਿੱਧਿਆਂ ਦੀ ਬੋਲੀ ਵਿੱਚ ਘੁਲਿਆ,
ਪਿਆਰ ਹੈ ਸਾਡੇ ਲੋਕਾਂ ਦਾ।
ਤ੍ਰਿੰਝਣਾਂ ਦੇ ਚਰਖਿਆਂ ਦੀ ਘੂਕਰ,
ਮਾਣ ਸੀ ਸਾਡੀਆਂ ਢੋਕਾਂ ਦਾ।
ਅਣਖ਼ ਦੀ ਖ਼ਾਤਿਰ ਮਰ ਮਿਟ ਜਾਈਏ,
ਹੋ ਜਾਈਏ ਕੁਰਬਾਨ ਕੁੜੇ।
ਚਹਿ-ਚਹਾਉਂਦੇ ਸਾਡੇ ਪੰਛੀ,
ਰਾਗ ਕੁਦਰਤੀ ਗਾਉਂਦੇ ਨੇ।
ਵਿੱਚ ਫ਼ਜਾ ਦੇ ਰੰਗ ਨੇ ਭਰਦੇ,
ਹਰ ਇੱਕ ਦਿਲ ਨੂੰ ਭਾਉਂਦੇ ਨੇ।
ਸੁਣ ਕੇ ਮੁਰਦੇ ਤਨ ਦੇ ਅੰਦਰ,
ਪੈ ਜਾਂਦੀ ਹੈ ਜਾਨ ਕੁੜੇ।
ਇਹਦੇ ਪਾਣੀਆਂ ਵਾਂਗ ਪਵਿੱਤਰ,
ਸਾਡੇ ਮਨ ਦੀਆਂ ਨੀਤਾਂ ਨੇ।
ਸਾਡੇ ਵਿੱਚ ਸਮੋ ਨਾ ਸਕਣ,
ਜੋ ਰਖਦੇ ਬਦਨੀਤਾਂ ਨੇ।
ਸਾਦ ਮੁਰਾਦੇ ਅਣਖਾਂ ਵਾਲੇ,
ਜਾਣੇ ਕੁੱਲ ਜਹਾਨ ਕੁੜੇ।

ਅਜ਼ਲਾਂ ਤੋਂ ਹਾਂ ਪ੍ਰੀਤ ਪੁਜਾਰੀ,
ਪ੍ਰੀਤ ਤੇ ਹੱਕ ਜਤਾਉਂਦੇ ਹਾਂ।
ਲੋੜ ਪਵੇ ਤਾਂ ਖੰਡਾ ਵਾਹੀਏ,
ਬਾਜੀ ਪੁੱਠੀ ਪਾਉਂਦੇ ਹਾਂ।
ਗੁਰੂਆਂ ਪੀਰਾਂ ਦੀ ਥਾਪਨਾ,
ਮਿਲਿਆ ਵਾ ਵਰਦਾਨ ਕੁੜੇ।
✪

**ਗੀਤ - 9**

ਹੋਇਆ ਘੁੱਪ ਹਨੇਰਾ ਇੱਕ ਛਿੱਟ ਚਾਨਣ ਦੇ।
ਦਿਲ ਦਾ ਚੈਨ ਗੁਆਚਾ ਦਰਦ ਪਛਾਨਣ ਦੇ।
ਦਰਦਾਂ ਦੀ ਤਾਂ ਵਿਥਿਆ ਬੜੀ ਪੁਰਾਣੀ ਹੈ।
ਤੇਰਾ ਮੇਰਾ ਦਰਦ ਵੀ ਹਾਣੋਂ ਹਾਣੀ ਹੈ।
ਛੱਡ ਕੇ ਝੰਜਟ-ਝੇੜੇ ਖ਼ੁਸੀਆਂ ਮਾਨਣ ਦੇ।
ਕੰਡਿਆਂ ਨਾਲ ਜੋ ਪੈਰ ਤਾਂ ਪਏ ਪਰੁੱਚੇ ਨੇ।
ਮੇਰੇ ਸੰਗ ਹੀ ਮੇਰੇ ਚਾਅ ਕਿਉਂ ਰੁੱਸੇ ਨੇ।
ਪੀੜ ਬੜੀ ਹੈ ਮਿੱਠੀ ਜ਼ਖ਼ਮ ਹੰਘਾਲਣ ਦੇ।
ਬੀਤ ਗਏ ਦੀਆਂ ਗੱਲਾਂ ਯਾਦਾਂ ਬਣੀਆਂ ਨੇ।
ਬ੍ਰਿਹੋਂ ਦੇ ਹੈ ਕਾਗਾਂ ਚੁੰਝਾਂ ਭਰੀਆਂ ਨੇ।
ਸੁਪਨੇ ਗਏ ਧੁਆਂਖੇ ਨਕਸ਼ ਪਛਾਨਣ ਦੇ।
ਖ਼ਾਕ ਰਾਹਾਂ ਦੀ ਛਾਨਣ ਇਸ ਰਾਹ ਤੁਰਦੇ ਜੋ।
ਡਲੀ ਲੂਣ ਦੀ ਪਾਣੀ ਜਾਵਣ ਖੁਰਦੇ ਉਹ।
ਭੁੱਲੇ ਭਟਕੇ ਫਿਰਦੇ ਹੋਸ਼ ਸੰਭਾਲਣ ਦੇ।
ਕਿਣ- ਮਿਣ, ਕਿਣ - ਮਿਣ ਕਣੀਆਂ ਦੀ ਤਾਂ ਹੋਈ ਹੈ।
ਕੋਈ ਵਿਯੋਗਣ ਬੈਠੀ ਅੰਬਰੀਂ ਰੋਈ ਹੈ।
ਢੂੰਡ ਲਈ ਹੈ ਧਰਤੀ ਅੰਬਰ ਛਾਨਣ ਦੇ।
✪

**ਗੀਤ - 10**

ਪਿੱਪਲਾਂ ਦੀ ਛਾਂ ਸੰਘਣੀ,
ਪੀਘਾਂ ਪਾਉਂਣ ਨੂੰ ਬੜਾ ਚਿੱਤ ਕਰਦਾ।
ਬੋਹੜਾਂ ਦੀਆਂ ਗੋਹਲਾਂ ਪੱਕੀਆਂ।
ਮੇਰਾ ਖਾਣ ਨੂੰ ਬੜਾ ਚਿੱਤ ਕਰਦਾ।
ਉਮਰਾਂ ਦੀ ਤੰਦ ਪਤਲੀ,

ਕਿਤੇ ਪੀਂਘ ਨਾ ਵਿਚਾਲੋਂ ਟੁੱਟ ਜਾਵੇ।
ਚੁੰਨੀ 'ਚ ਕਟੋਰਾ ਪਿਆਰ ਦਾ,
ਮਤੇ ਸਾਂਭਦਿਆਂ ਡੁੱਲ੍ਹ ਜਾਵੇ
ਤੱਤੀਆਂ ਹਵਾਵਾਂ ਗਲ 'ਚੋਂ
ਮੇਰਾ ਲਾਹੁਣ ਨੂੰ ਬੜਾ ਚਿੱਤ ਕਰਦਾ।
ਕਦਮਾਂ 'ਚ ਕਦਮ ਘੁਲੇ,
ਜਿਵੇਂ ਘੁਲ ਗਈ ਸਾਹਾਂ 'ਚ ਸੁਗੰਧੀ।
ਟਾਹਣੀਆਂ ਦੇ ਪੰਛੀ ਪੁੱਛਦੇ,
ਤੇਰੀ ਮੇਰੀ ਕੀ ਹੈ ਸੰਬੰਧੀ ?
ਉਮਰਾਂ ਦੇ ਪਲ ਵਾਰ ਕੇ,
ਤੈਨੂੰ ਪਾਉਣ ਨੂੰ ਬੜਾ ਚਿੱਤ ਕਰਦਾ।

ਜੋਬਨੇ ਦੀ ਧੁੱਪ ਨਿੱਖਰੀ,
ਕੋਈ ਨਜ਼ਰ ਇਹਨੂੰ ਨਾ ਲਾ ਜਾਵੇ।
ਕਰੂੰਬਲਾਂ ਨੂੰ ਵੇਖ ਚੰਦਰਾ,
ਕਾਂ ਬਿਰਹੋਂ ਦਾ ਭੈੜਾ ਨਾ ਖਾ ਜਾਵੇ।
ਸੁੰਨੀ ਪਈ ਦਿਲ ਦੀ ਗਲੀ,
ਚਰਖਾ ਡਾਹੁਣ ਨੂੰ ਬੜਾ ਚਿੱਤ ਕਰਦਾ।
ਚੰਨ ਦੀ ਵੇ ਖਿੱਚ ਸਦਕਾ,
ਕਿਵੇਂ ਖੌਲਦਾ ਸਮੁੰਦਰਾਂ ਦਾ ਪਾਣੀ।
ਮੋਤੀਆਂ ਦੀ ਚੋਗ ਚੁਗ ਲੈ,
ਵੇ ਤੂੰ ਵਹੁੜ ਖਾਂ ਦਿਲਾਂ ਦੇ ਹਾਣੀ।
ਧੂੜ ਚੰਨਾ ਤੇਰੇ ਪੈਰਾਂ ਦੀ,
ਮੱਥੇ ਲਾਉਂਣ ਨੂੰ ਬੜਾ ਚਿੱਤ ਕਰਦਾ।
✪

## ਗੀਤ - 11

ਯਾਦ ਮਾਹੀ ਦੀ ਹੈ ਆਉਂਦੀ ਬਲਾਈ ਅੜੀਓ।
ਨੀ ਮੈਂ ਰੋ ਰੋ ਰਾਤ ਲੰਘਾਈ ਅੜੀਓ।
ਸੰਦਲੀਆਂ-ਪੌਣਾਂ ਮੇਰੇ ਸਾਹੀਂ ਘੁਲੀਆਂ।
ਕੰਤੋਂ ਬਗੈਰ ਨੀ ਇਹ ਮਿੱਟੀ ਰੁਲੀਆਂ।
ਮੈਂ ਕਿੱਧਰ ਨੂੰ ਜਾਂਵਾ ? ਮਨ ਬੜਾ ਸਮਝਾਵਾਂ,
ਮੈਨੂੰ ਅਜੇ ਤੱਕ ਸਮਝ ਨਹੀਂ ਆਈ ਅੜੀਓ।
ਮੇਰੇ ਸਬਰਾਂ ਦੇ ਦੁੱਧ ਨੂੰ ਹੈ ਚੁੱਲ੍ਹੇ ਚਾੜ੍ਹ ਕੇ।
ਨੀ ਉਹ ਹਿਜਰਾਂ ਦੀ ਮਿੱਠੀ ਮਿੱਠੀ ਅੱਗ ਬਾਲ ਕੇ।
ਪਿਆ ਮੈਨੂੰ ਪਰਤਿਆਵੇ, ਜਾਣ ਬੁੱਝ ਕੇ ਸਤਾਵੇ,
ਨੀ ਉਹ ਜਿੱਤਿਆ ਤੇ ਮੈਂ ਹਾਂ ਹਾਰੀ ਅੜੀਓ।
ਰਾਤਾਂ ਲੰਬੀਆਂ ਨੇ ਓਸ ਦੇ ਵਿਯੋਗ ਜਿੱਡੀਆਂ
ਰੂਹ ਫਿਰਦੀ ਹੈ ਬੇਲੇ ਮੰਜੇ ਪਈਆਂ ਹੱਡੀਆਂ
ਭੱਠ ਪੈਣ ਨੀ ਕਮਾਈਆਂ, ਜ਼ਿੰਦਾਂ ਮਿੱਟੀ 'ਚ ਰੁਲਾਈਆਂ।
ਮੈਂ ਕੀ ਫੂਕਣੀ ਹੈ ਇਹੋ ਜੀ ਕਮਾਈ ਅੜੀਓ।

ਕਰ ਗੁੱਝੀਆਂ ਸ਼ਰਾਰਤਾਂ ਹੈ ਪੌਣ ਲੰਘਦੀ,
ਮੈਨੂੰ ਪਿਆਰੀ ਪਿਆਰੀ ਸਤਰੰਗੀ-ਪੀਂਘ ਲੱਗਦੀ।
ਮਨ ਜਿਧਰ ਵੀ ਜਾਵੇ, ਪਿਆ ਭਰਦਾ ਕਲਾਵੇ,
ਪਰ ਉਹਦੇ ਬਿਨਾ ਸੁੰਨੀ ਹੈ ਲੋਕਾਈ ਅੜੀਓ।
ਐਡਾ ਦੱਸੋ ਮੈਥੋਂ ਕੀ ਨੀ ਕਸੂਰ ਹੋ ਗਿਆ।
ਅਜੇ ਬੁੱਕਲ ਨਾ ਖੁਲ੍ਹ ੀ ਉਹ ਦੂਰ ਹੋ ਗਿਆ
ਉਹ ਕੋਲ ਮੇਰੇ ਵੱਸੇ, ਕਦੇ ਰੁੱਸੇ ਕਦੇ ਹੱਸੇ।
ਪੂਰੀ ਲੱਗੂ ਫਿਰ ਰੱਬ ਦੀ ਖ਼ੁਦਾਈ ਅੜੀਓ।
✪

## ਗੀਤ - 12

ਕਾਹਦੀਆਂ ਇਹ ਲੋਹੜੀਆਂ
ਤੇ ਕਾਹਦੀਆਂ ਦੀਵਾਲੀਆਂ।
ਚਾਵ੍ਹ ਾਂ ਨਾਲ ਬੱਤੀਆਂ ਤੇ,
ਧੂਣੀਆਂ ਨਾ ਬਾਲੀਆਂ।
ਦੀਵਿਆਂ ਦੇ ਵਿੱਚ ਤੇਲ
ਖ਼ੂਨ ਦਾ ਹੈ ਬਾਲਤਾ।
ਪਾਥੀਆਂ ਦੀ ਥਾਏਂ ਅਸੀਂ
ਹੱਡੀਆਂ ਨੂੰ ਜਾਲਤਾ।
ਕਹਿਰਾਂ ਦੀਆਂ ਸਿਰਾਂ ਉੱਤੋਂ
ਲਹੀਆਂ ਨਾ ਪੰਜਾਲੀਆਂ।
ਦੀਵਾਲੀ ਦੀ ਹੈ ਰਾਤ ਖੋਹੀ,
ਉਮਰਾਂ ਦੀ ਟੇਕ ਵੇ।
ਲੋਹੜੀਆਂ ਦੀ ਥਾਏਂ ਪਹੁੰਚੇ
ਸਿਵਿਆਂ ਦਾ ਸੇਕ ਵੇ।
ਧੁੰਧੂਕਾਰ ਵਿੱਚ ਰਹਿਣ
ਹੋਸ਼ਾਂ ਨਾ ਸੰਭਾਲੀਆਂ।

ਡਰ, ਡਰ, ਉੱਠ, ਉੱਠ,
ਪੁੱਛਦੇ ਨੇ ਮੰਮੀ ਨੂੰ।
ਪਾਪਾ ਤੋਂ ਬਗੈਰ ਦੁੱਖ,
ਦਸਦੇ ਨੇ ਕੱਲੀ ਨੂੰ।
ਖਿੜਦੇ ਨਾ ਵੇਖੇ ਕਦੇ
ਫੁੱਲ ਬਿਨਾਂ ਮਾਲੀਆਂ।
ਦਿੰਦੀ ਹਾਂ ਦਿਲਾਸਾ ਉੱਤੋਂ,
ਵਿੱਚੋਂ ਰੋਵਾਂ ਆਪ ਵੇ।
ਬਦੀਆਂ ਦੀ ਜੰਗ ਵਿੱਚ,
ਮੋਇਆ ਥੋਡਾ ਬਾਪ ਵੇ।
ਚੰਨ ਤੋਂ ਬਗੈਰ ਰਾਤਾਂ,

ਸੁੰਨੀਆਂ ਤੇ ਕਾਲੀਆਂ।
ਕਾਹਦੀਆਂ ਇਹ ਲੋਹੜੀਆਂ
ਤੇ ਕਾਹਦੀਆਂ ਦੀਵਾਲੀਆਂ।
✪

## ਹਿੰਦੀ ਸ਼ੇਰੋ

(ਦੇਸ਼ ਪਰਤਦੇ ਗ਼ਦਰੀਆਂ ਨੂੰ ਸੰਬੋਧਨ, ਬਾਬਾ ਭਕਨਾ)
ਸੁੱਤੀ ਕੌਮ ਜਗਾ ਦਿਉ, ਤੁਸੀ ਹਿੰਦੀ ਸ਼ੇਰੋ।
ਹਿੰਦ ਵਿੱਚ ਗ਼ਦਰ ਮਚਾ ਦਿਉ, ਜਾਉ ਹਿੰਦੀ ਸ਼ੇਰੋ।
ਦੇਸ਼ ਆਜ਼ਾਦ ਕਰਾਉਣ ਨੂੰ, ਜਾਉ ਘੱਤ ਵਹੀਰਾਂ।
ਭਾਰਤ ਮਾਂ ਦੇ ਪੈਰਾਂ'ਚੋਂ, ਦਿਉ ਕੱਟ ਜ਼ੰਜੀਰਾਂ।
ਦੁਸ਼ਮਣ ਨੂੰ ਭਾਜੜ ਪਾ ਦਿਉ, ਵਾਹ! ਦੂਲਿਓ ਸ਼ੇਰੋ।
ਆਏ ਰੋਜ਼ੀ ਲੈਣ ਸੀ, ਲੈ ਜਾਓ ਅਜ਼ਾਦੀ।
ਖਾ ਗਏ ਗੋਰੇ ਚੂੰਡ ਕੇ,ਕੀਤੀ ਬਰਬਾਦੀ।
ਚੋਟ ਨਗਾਰੇ ਲਾ ਦਿਓ, ਜਾਓ ਹਿੰਦੀ ਸ਼ੇਰੋ।
ਵਾਂਗ ਕਤੂਰਿਆਂ ਅਸਾਂ ਨੂੰ, ਇਹ ਰਹੇ ਲੜਾਉਂਦੇ।
ਸਾਡੀਆਂ ਹੀ ਨੇ ਜੁੱਤੀਆਂ,ਸਾਡੇ ਸਿਰ ਲਾਉਂਦੇ।
ਕੱਤੀਉਂ, ਇਕਤਾਲੀ ਪਾ ਦਿਉ, ਜਾਓ ਹਿੰਦੀ ਸ਼ੇਰੋ।
ਸਹਿੰਦੇ ਸਹਿੰਦੇ ਜਬਰ ਨੂੰ, ਹੋ ਗਏ ਹਾਂ ਆਕੀ।
ਸਾਡੇ ਲਈ ਕੋਈ ਜਿਉਂਣ ਦਾ, ਨਾ ਹੀਲਾ ਬਾਕੀ।
ਲੋਹੇ ਸੰਗ ਲੋਹੇ ਟਕਰਾ ਦਿਉ, ਜਾਓ ਹਿੰਦੀ ਸ਼ੇਰੋ।
ਸਿਦਕ ਜਿੰਨਾ ਦੇ ਪਾਸ ਹੈ,ਉਹ ਮੂਲ ਨਾ ਹਰਦੇ।
ਮੰਜ਼ਲਾਂ ਨੂੰ ਸਰ ਕਰਨ ਲਈ, ਸੌ ਦੁਖੜੇ ਜਰਦੇ।
ਦੁਸ਼ਮਣ ਨੂੰ ਚਨੇ ਚਬਾ ਦਿਉਂ, ਜਾਓ ਹਿੰਦੀ ਸ਼ੇਰੋ।
ਐਸੀ ਨੀਂਦ ਸੁਆ ਦਿਉ, ਮੁੜਕੇ ਨਾ ਉੱਠਣ।
ਵੈਰੀ ਵੱਢ ਮੁਕਾ ਦਿਉ, ਮੁੜਕੇ ਨਾ ਫੁੱਟਣ।
ਵੈਰੀ ਦੇ ਛੱਕੇ ਉਡਾ ਦਿਓ, ਜਾਓ ਹਿੰਦੀ ਸ਼ੇਰੋ।
✪

## ਸਦਕੇ

ਆਏ ਤੂਫਾਨ 'ਚ
ਜੋ ਬੇੜੀ ਪਾਰ ਲਾਏ,
ਜਾਵਾਂ ਤੇ ਜਾਵਾਂ,
ਉਸ ਮਲਾਹ ਤੋਂ ਸਦਕੇ।
ਠਹਿਰ, ਜ਼ਰਾ ਸੋਚ!
ਤੱਤਾ ਨਾ ਲੱਕੀਂ,
ਜਾਵਾਂ ਤੇ ਜਾਵਾਂ
ਐਸੀ ਸਲਾਹ ਤੋਂ ਸਦਕੇ।
ਹਨੇਰਿਆਂ ਵਿੱਚ ਵੀ
ਦੁਸ਼ਮਣ ਪਹਿਚਾਣਿਆਂ

ਜਾਵਾਂ ਤੇ ਜਾਵਾਂ
ਉਸ ਨਿਗਾਹ ਤੋਂ ਸਦਕੇ।
ਜਿੱਥੇ ਹੁੰਦਾ ਕਤਲ
ਮਾਨਵਤਾ ਦਾ ਵੈਰੀ
ਜਾਵਾ ਤੇ ਜਾਵਾਂ
ਉਸ ਕਤਲਗਾਹ ਤੋਂ ਸਦਕੇ।

ਵਸਦਾ ਰਹਿ ਤੂੰ
ਵੇ ਜੀਵਨ ਜੋਗਿਆ
ਜਾਵਾਂ ਤੇ ਜਾਵਾਂ
ਖ਼ੈਰ – ਖ਼ੁਆਹ ਤੋਂ ਸਦਕੇ।
ਸਿਖਾਇਆ ਜਿਸ
ਸੂਲ਼ਾਂ ਤੇ ਵੀ ਨੱਚਣਾ
ਜਾਵਾਂ ਤੇ ਜਾਵਾਂ
ਬੇ– ਪਰਵਾਹ ਤੋਂ ਸਦਕੇ।
ਝੂਠ ਹੈ ਕਿ ਸਭ
ਜੰਗਲ ਦੀ ਅੱਗ 'ਚ ਮੱਚ ਗਏ,
ਜਾਵਾਂ ਤੇ ਜਾਵਾਂ
ਰੋਕੀ ਅਫ਼ਵਾਹ ਤੋਂ ਸਦਕੇ।
ਜਿੰਨਾਂ ਰਾਹਾਂ ਤੇ
ਮੇਰੇ ਹਮਸਫ਼ਰ ਗੁਜਰੇ
ਜਾਵਾਂ ਤੇ ਜਾਵਾਂ
ਉਸ ਰਾਹ ਤੋਂ ਸਦਕੇ।
ਕਿੰਨਾਂ ਗ਼ਰੂਰ
ਕਿ ਉਹ ਆਉਣਗੇ
ਜਾਵਾਂ ਤੇ ਜਾਵਾਂ
ਇਸ ਇਤਲਾਹ ਤੋਂ ਸਦਕੇ।
✪

## ਦਿਨ ਵੋਟਾਂ ਦੇ

ਪਿੰਡਾਂ ਦੀਆਂ ਸੱਥਾਂ ਵਿੱਚ ਆ ਕੇ, ਝੋਟੇ ਪਾਉਂਦੇ ਖੌਰੂ।
ਅਕਲ ਸਾਡੀ ਤੇ ਮਿੱਟੀ ਪਾਉਂਦੇ, ਪਏ ਖੜਕਾਉਂਦੇ ਡੌਰੂ।
ਛੈਣਿਆਂ ਵਾਂਗੂੰ ਖਾਲੀ ਖੜਕਣ, ਸਾਡੇ ਘਰ ਦੇ ਭਾਂਡੇ।
ਇਧਰ ਲੀਡਰ ਕੁੜ ਕੁੜ ਕਰਦੇ, ਓਧਰ ਧਰਦੇ ਆਂਡੇ।
ਰੁਲ ਜਾਣਵਗੇ ਮਿੱਟੀ ਘੱਟੇ, ਜੋ ਵਾਅਦੇ ਨੇ ਕਰਦੇ।
ਮੌਮੋਠਗਣੇ ਇਹ ਵਣਜਾਰੇ, ਸਾਨੂੰ ਲੱਗਦੇ ਘਰਦੇ।
ਤੂੰ ਵਿੱਚ ਜਾ ਕੇ ਮੰਡੀ ਰੁਲਦੈਂ, ਖੇਤੀਂ ਰੁਲਦੇ ਢਾਂਡੇ।
ਨੌ ਸੌ ਚੂਹਾ ਬਿੱਲੀ ਖਾ ਕੇ, ਬਣਦੀ ਫਿਰੇ ਪਵਿੱਤਰ।
ਹੁਣ ਤੇਰੇ ਨਾਲ ਪੱਗ ਵਟਾਉਂਦੇ, ਮਗਰੋਂ ਮਾਰਨ ਛਿੱਤਰ।
ਇਹ ਕਦ ਡਾਹੀ ਦੇਵਣ ਲੱਗੇ, ਚੜ੍ਹ ਜਾਂਦੇ ਜਦ ਹਾਂਡੇ।

ਹੁਣ ਕਹਿਣ ਇਹ ਵਾਅਦਾ ਸਾਡਾ, ਇੱਕ ਹੋਊ ਨਾ ਝੂਠਾ।
ਪਰ ਸਾਡੇ ਹੱਥਾਂ ਵਿੱਚ ਰਹਿਣਾ, ਕਹੀ, ਕੁਹਾੜੀ, ਠੂਠਾ।
ਊਠਾਂ ਵਾਂਗੂੰ ਸਾਡੇ ਮੂਹਰੇ, ਐਵੇਂ ਸੰਘ ਅੜਾਂਦੇ।
ਤੇਰੀ ਰਿੜਕੀ ਮੱਖਣੀ ਨੂੰ ਹੁਣ, ਖਾ ਜਾਣਗੇ ਬਿੱਲੇ।
ਜਦ ਕਰਾਰੀ ਮੂੰਹ ਤੇ ਵੱਜੂ, ਬੁੱਲ੍ਹ ਕਰਨਗੇ ਢਿੱਲੇ।
ਹੱਥ ਕਰਾਰੇ ਕਰਕੇ ਮਿਲਣਾ, ਇਹੀ ਆਖਣ ਬਾਂਢੇ।
ਜੋ ਵੀ ਲੈਣਾ ਦੇਣਾ ਇਹਨਾਂ ਤੋਂ, ਸੱਥ ਵਿੱਚ ਕਹੋ ਬਹਾ ਕੇ।
ਫਿਰ ਪਛਤਾਇਆਂ ਕੁਝ ਨਾ ਬਣਨਾ, ਵੇਲਾ ਹੱਥੋਂ ਖੁਹਾਕੇ
ਤਰ ਤੇ ਲੂਣ ਘਸਾ ਨਾ ਜਾਵਣ, ਕਰਕੇ ਗਾਂਡੇ ਸਾਂਢੇ।
✪

## ਧੀ ਦੀ ਮੰਗ

ਐਸਾ ਵਰ ਟੋਲੀਂ ਬਾਬਲਾ, ਹੋਵੇ ਸਧਰਾਂ ਜੋ ਮੇਰੀਆਂ ਦਾ ਹਾਣੀ।
ਐਸਾ ਤੂੰ ਖ਼ਜਾਨਾ ਲੱਭਦੀਂ, ਨਾ ਦੇਈਂ ਭਾਵੇਂ ਕੌਡੀ ਕਾਣੀ।
ਸੱਚੀਆਂ ਜੋ ਗੱਲਾਂ ਲੋਕੀਂ ਆਖਦੇ ਨੇ ਜੱਗ ਦੇ।
ਭੁੱਖੀਆਂ ਜੋ ਨੀਤਾਂ ਵਾਲੇ ਕਦੇ ਵੀ ਨਾ ਰੱਜ ਦੇ।
ਇਹੋ ਆਖਦੀ ਹੈ ਤੇਰੀ ਧੀ- ਧਿਆਣੀ।
ਚੰਗਾ ਵਰ ਲੱਭ ਦੁੱਖ ਉਮਰਾਂ ਦਾ ਮੁੱਕਜੂ।
ਨਹੀਂ ਮੁਰਝਾਇਆਂ ਬੂਟਾ ਹੋਰ ਵੀ ਇਹ ਸੁੱਕਜੂ।
ਇਹਦੇ ਸੁੱਕਣੇ ਤੋਂ ਪਹਿਲਾਂ ਦੇ ਦੇ ਪਾਣੀ।
ਬਣਾਂ ਉਹਦੀ ਕਵਿਤਾ ਮੈਂ ਬਣੇ ਮੇਰਾ ਗੀਤ ਉਹ।
ਦੁਨੀਆਂ 'ਚ ਐਸਾ ਹੋਵੇ ਜ਼ਿੰਦਗੀ ਦੀ ਮੀਤ ਉਹ।
ਜੀਹਦੇ ਨਾਲ ਮੈਂ ਜ਼ਿੰਦਗੀ ਲੰਘਾਣੀ।
ਦੁੱਖ-ਸੁੱਖ ਉਹਦੇ ਸੰਗ ਜੇਰੇ ਨਾਲ ਜਰਾਂਗੀ।
ਪਾਵੇਗਾ ਉਹ ਬਾਤ ਮੈਂ ਹੁੰਗਾਰਿਆਂ ਨੂੰ ਭਰਾਂਗੀ।
ਅਸੀਂ ਵੰਝਲੀ ਹੈ ਪਿਆਰ ਦੀ ਵਜਾਣੀ।
ਫੁੱਲਾਂ ਵਾਂਗੂੰ ਪਊ ਬਾਪੂ ਜ਼ਿੰਦਗੀ ਟਹਿਕ ਵੇ॥
ਹੋਊ ਜਿਵੇਂ ਗੰਡ ਦੇ ਗੁੜ੍ਹ ਦੀ ਮਹਿਕ ਵੇ।
ਅਸੀਂ ਇਹੋ ਜਿਹੀ ਜ਼ਿੰਦਗੀ ਹੰਢਾਣੀ।
ਕੈਂਸਰ ਦੀ ਜੜ੍ਹ ਵਾਂਗ ਵਧੀ ਜਾਂਦਾ ਦਾਜ ਹੈ।
ਭੈੜੇ ਇਹ ਰਿਵਾਜੀਆਂ ਦਾ ਭੈੜਾ ਹੀ ਰਿਵਾਜ਼ ਹੈ।
ਪੈਣੀ ਏਸ ਦੀ ਹੈ ਅਲਖ਼ ਮੁਕਾਣੀ।
✪

## ਸੱਜਣਾ ਮਹਿਕ ਵੰਡੇਂਦਿਆ

ਸੱਜਣਾ ਮਹਿਕ ਵੰਡੇਂਦਿਆ,
ਇੱਕ ਮੁੱਠ ਉਧਾਰੀ ਦੇ।
ਰਜ ਰਜ ਵਟਣਾ ਮਲ ਲਵਾਂ,
ਸੁੱਚੀ ਕਰਲਾਂ ਦੇਹ।

ਸੱਜਣਾ ਮਹਿਕ ਵੰਡੇਂਦਿਆ,
ਤੂੰ ਤਾਰਿਆਂ ਦੀ ਲੋਅ।
ਮਿੱਠ ਭਿਜੜੀ ਹੈ ਰਾਤੜੀ,
ਵਿੱਚ ਤੇਰੀ ਖੁਸ਼ਬੋ।
ਸੱਜਣਾ ਮਹਿਕ ਵੰਡੇਂਦਿਆ,
ਆ ਬਹਿ ਮੇਰੇ ਕੋਲ।
ਸਦੀਆਂ ਸੱਖਣੀ ਹਾਸਿਊਂ,
ਭਰ ਲਵਾਂ ਮੈਂ ਝੋਲ।
ਸੱਜਣਾ ਮਹਿਕ ਵੰਡੇਂਦਿਆ,
ਇੱਕ ਭੌਰਾ ਇੱਕ ਫੁੱਲ।
ਭੌਰ, ਫੁੱਲਾਂ ਦੀ ਦੋਸਤੀ,
ਹੋਰ ਨਹੀਂ ਕੋਈ ਤੁੱਲ।

ਸੱਜਣਾ ਮਹਿਕ ਵੰਡੇਂਦਿਆ,
ਵਿੱਚ ਰੋਹੀ ਬੀਆਬਾਨ
ਜਿੰਦ ਨਮਾਣੀ ਵਿਲਕਦੀ
ਨਾ ਮਿਲਦਾ ਭਗਵਾਨ।
ਸੱਜਣਾ ਮਹਿਕ ਵੰਡੇਂਦਿਆ,
ਵੇਖ ਜੋਗੀ ਦਾ ਭੇਸ।
ਆਣ ਜਗਾਈ ਅਲਖ ਹੈ।
ਪਾ ਭਿੱਖਿਆ ਦਰਵੇਸ਼।
ਸੱਜਣਾ ਮਹਿਕ ਵੰਡੇਂਦਿਆ,
ਲਏ ਰੁੱਤਾਂ ਰੰਗ ਵਟਾ।
ਮਨ ਦੇ ਅੰਦਰ ਮਿਲਣ ਦਾ,
ਵਧਦਾ ਜਾਵੇ ਚਾਅ।
ਸੱਜਣਾ ਮਹਿਕਾ ਵੰਡੇਂਦਿਆ,
ਹੈ ਪੂਜਣ ਵਾਲੀ ਥਾਂ।
ਜਿੰਨਾਂ ਰੁੱਖਾਂ ਹੇਠਾਂ ਮਾਣੀ,
ਬੈਠ ਇੱਕਠੇ ਛਾਂ।
ਸੱਜਣਾ ਮਹਿਕ ਵੰਡੇਂਦਿਆ,
ਜੀਵਣ ਦਾ ਪੰਧ ਬੜਾ।
ਕਿਤੇ ਤਾਂ ਰਾਹੇ ਲੰਘਦਿਆਂ,
ਮਿਲਜੀਂ ਖੜ੍ਹਾ ਖੜ੍ਹਾ।
✪

## ਕਿਹੜੇ ਬਹਾਨੇ

ਬੜੇ ਚਿਰਾਂ ਦੀ ਰੀਝ ਸੀ ਸੱਜਣਾ,
ਤੇਰੇ ਮੇਰੇ ਅੰਦਰ।
ਇੱਕ ਦਿਨ ਵਕਤ ਸਬੱਬ ਬਣਾਇਆ,
ਖੁੱਲ੍ਹੇ ਮਨਾਂ ਦੇ ਮੰਦਰ।

ਜਿਹੜੇ ਰਾਹ ਤੇ ਕੱਠੇ ਤੁਰੇ ਸੀ,
ਉਹ ਮੈਂ ਕਿਵੇਂ ਭੁਲਾਵਾਂ।
ਦੱਸ ਓਏ ਸੱਜਣਾ ਕਿਹੜੇ ਬਹਾਨੇ,
ਤੈਨੂੰ ਮਿਲਣੇ ਆਵਾਂ।
ਜੋ ਮੇਰੇ ਹੈ ਦਿਲ ਤੇ ਬੀਤੇ,
ਉਹੀ ਬੀਤੇ ਤੇਰੇ।
ਤੂੰ ਮਿਲਦਾ ਮਨ ਚਾਨਣ ਹੁੰਦਾ,
ਜਾਂਦੇ ਭੱਜ ਹਨ੍ਹੇਰੇ।
ਅੱਡ ਝੋਲੀ ਤੂੰ ਸੋਹਣੇ ਸੱਜਣਾ,
ਪਿਆਰ ਦੀ ਭਿੱਖਿਆ ਪਾਂਵਾ।
ਪਤਾ ਮੈਨੂੰ ਹੈ ਤੂੰ ਵੀ ਸੱਜਣਾ,
ਵਿਉਂਤ ਮਿਲਣ ਦੀ ਸੋਚੇਂ।
ਏਸ ਕੁਲਹਿਣੇ ਸਮਿਆਂ ਨੂੰ ਤੂੰ
ਨਾਲ ਸਿਆਣਪ ਬੋਚੇਂ।
ਪਤਾ ਲੱਗੇ ਜੇ ਤੇਰੇ ਆਉਂਣ ਦਾ,
ਰਾਹ ਤੇ ਨੈਣ ਵਿਛਾਵਾਂ।

ਵਿੱਚ ਮੁਸੀਬਤ ਜਦ ਮੈਂ ਘਿਰਦਾ,
ਯਾਦ ਤੈਨੂੰ ਹਾਂ ਕਰਦਾ।
ਯਾਦ ਤੇਰੀ ਦਾ ਤੁਲਾ ਬਣਾਕੇ,
ਗ਼ਮ ਦੀਆਂ ਨਦੀਆਂ ਤਰਦਾ।
ਮੇਰੀ ਯਾਦ ਵੀ ਦੇਵੇ ਹੌਂਸਲਾ,
ਇਹ ਮੈਂ ਪੁੱਛਣਾਂ ਚਾਵ੍ਹਾਂ?
ਆ ਓਏ ਸੱਜਣਾ ਗਲ਼ ਲੱਗ ਮਿਲੀਏ,
ਬਣ ਕੇ ਆਪਸ ਢੋਈ।
ਇੱਕ ਦੂਜੇ ਬਿਨ ਜ਼ਿੰਦ ਅਸਾਡੀ
ਤਰਲੋ - ਮੱਛੀ ਹੋਈ।
ਤੇਰੀਆਂ ਬਾਹਾਂ ਗਲ਼ ਨੂੰ ਆਵਣ,
ਸਾਰਾ ਗ਼ਮ ਪੀ ਜਾਂਵਾ।
ਸੱਚ ਹੈ ਸੱਜਣਾ ਸਾਡੀਆਂ ਰੂਹਾਂ,
ਇੱਕ ਦੂਜੇ ਨੂੰ ਤਰਸਣ।
ਲੋਕ ਕੀ ਜਾਨਣ ਤੇਰੇ ਮੇਰੇ,
ਦਿਲ ਦੀ ਇੱਕੋ ਧੜਕਣ।
ਦੇ ਜੀਵਣ ਦੇ ਪਲ ਉਧਾਰੇ,
ਪਿਆਰ ਵਾਸਤਾ ਪਾਵਾਂ।
✪

## ਤਸਵੀਰ ਦੇ ਸਨਮੁੱਖ

ਹੱਥ ਤੇ ਠੋਡੀ ਰੱਖ ਕੇ ਭੈੜਾ,
ਹਸਣੋਂ ਮੂਲ ਨੀ ਹੱਟਦਾ।
ਇਸ ਸੋਹਣੇ ਨੂੰ ਲੱਗ ਨਾ ਜਾਵਣ,

ਨਜ਼ਰ ਸਾਡੀ ਦੀਆਂ ਵਾਵਾਂ।
ਇਸ ਦੀਆਂ ਬੁਲ੍ਹ ੀਆਂ ਵਿੱਚ ਸਮੋਇਆ,
ਚੌਂਹ ਯੁੱਗਾਂ ਦਾ ਹਾਸਾ।
ਇਸ ਹਾਸੇ ਦਾ ਪਹੁੰਚ ਗਿਆ ਹੈ,
ਅੰਬਰਾਂ ਤੱਕ ਪਰਛਾਵਾਂ।
ਵਿੱਚ ਕਲਾਵੇ ਘੁੱਟ ਨੀ ਜਿੰਦੇ,
ਚੁੰਮ ਲੈ ਇਸ ਦਾ ਚਿਹਰਾ,
ਇਹ ਤਾਂ ਨਿਰਾ ਚਾਨਣ ਦੀਆਂ ਰਿਸ਼ਮਾਂ,
ਡੀਕ ਲਵਾਂ ਪੀ ਜਾਵਾਂ।
ਰੂਹ ਤੇਰੀ ਦਾ ਚਾਨਣ ਅੜਿਆ,
ਹੋਇਆ ਸਾਡੇ ਵਹਿੜੇ,
ਇਸ ਚਾਨਣ ਸੰਗ ਹੱਸਾਂ, ਖੇਡਾਂ,
ਬਹਿ ਕੇ ਦਿਲ ਪਰਚਾਵਾਂ।
ਮੰਗਦੇ ਇਸ ਤੋਂ ਖ਼ੈਰ ਹੁਸਨ ਦੀ,
ਹੱਥ ਵਿੱਚ ਫੜ ਕੇ ਕਾਸਾ,
ਸੋਹਣਾ ਸੱਜਣ ਦੇਖੀ ਜਾਵੇ,
ਪਾਵਾਂ ਜਾਂ ਨਾ ਪਾਵਾਂ।
ਹਰ ਵੇਲੇ ਹੈ ਅੰਗ ਸੰਗ ਰਹਿੰਦਾ,
ਹੋਏ ਨਾਂ ਭੋਰਾ ਪਾਸੇ,
ਚੰਚਲ ਹਾਰੇ ਇਸ ਪੰਛੀ ਨੂੰ,
ਤਲੀਏਂ ਚੋਗ ਚੁਗਾਵਾਂ।
ਮੈਂ ਸੋਚਾਂ ਇਹ ਸੂਰਤ ਆ ਕੇ,
ਕਦ ਦੇਊ ਬੂਹੇ ਦਸਤਕ,
ਘਰ ਆਪਣੇ ਨੂੰ ਲਿੱਪਾਂ-ਪੋਚਾਂ,
ਜਾਂ ਫਿਰ ਕਲੀ ਕਰਾਵਾਂ।
ਹੱਸੀਏ, ਖੇਡੀਏ, ਰੁਸੀਏ, ਮਿਲੀਏ,
ਇਹ ਕੁਝ ਐਸੇ ਰਿਸ਼ਤੇ,
ਤਾਈਉਂ ਤਾਂ ਫਿਰ ਗਲ਼ ਨੂੰ ਆਵਣ,
ਭੱਜੀਆਂ, ਟੁੱਟੀਆਂ ਬਾਹਵਾਂ।
ਕਿਸੇ ਬਹਾਨੇ ਰੂਹ ਮੇਰੀ ਜਦ,
ਤੇਰੇ ਬੇਲੀਂ ਜਾਵੇ,
ਤੇਰੇ ਬਾਝੋਂ ਕਦੇ ਨਾ ਲੱਗਣ,
ਚੰਗੀਆਂ ਧੁੱਪਾਂ ਛਾਵਾਂ।
ਬੜੀ ਉਦਾਸ ਹੋਈ ਹੈ ਲਗਦੀ,
ਬਿਨ ਸੰਤਾਂ ਦੇ ਕੁਟੀਆ,
ਜਦ ਸੰਤਾਂ ਨੇ ਫੇਰੀ ਪਾਉਣੀ,
ਟਹਿਕਣ ਲੱਗਣ ਥਾਵਾਂ।
ਤੇਰੀ ਥਾਂ ਹੁਣ ਪ੍ਰੀਤ ਵੇ 'ਜਿੰਦੂ'
ਇਹਦੇ ਸੰਗ ਲਗਾਈ,
ਮੈਂ ਬੋਲਾਂ ਇਹ ਭਰੇ ਹੁੰਗਾਰਾ,
ਦਿਲ ਦੀ ਬਾਤ ਸੁਣਾਵਾਂ।

ਮੇਰੇ ਮਨ ਦੀ ਇੱਕੋ ਚਾਹਤ,
ਭਰ ਭਰ ਵੰਡ ਦੇ ਮੁੱਠੀਆਂ,
ਨੂਰ ਤੇਰੇ ਨਾ ਦਿਲ ਆਪਣੇ ਦੀ,
ਹਰ ਨੁੱਕਰ ਰੁਸ਼ਨਾਵਾਂ।
✪

## ਨਿਹੁੰ

ਪਲਕਾਂ ਦੀ ਛਾਵੇਂ ਬੈਠ
ਦੁੱਖ ਸਾਰੇ ਭੁੱਲ ਜਾਵੇਂ
ਮੱਲੋ ਮੱਲੀ ਮਾਰੇ ਮਨ
ਗਗਨ ਉਡਾਰੀਆਂ।
ਭੁੱਲਿਆਂ ਭੁਲਾਇਆ ਤੇ ਵੀ
ਵਾਹ! ਨਾਂ ਉਹ ਭੁੱਲ ਹੋਣ
ਤੱਕੀਆਂ ਜੋ ਪਹਿਲੀ ਵਾਰੀ
ਅੱਖੀਆਂ ਪਿਆਰੀਆਂ।
ਅੰਗ ਅੰਗ ਵਸਿਆ ਹੈ
ਅੰਦਰ ਬੈਠਾ ਧਸਿਆ ਹੈ
ਅੱਖਾਂ ਖੋਲ ਵੇਖਾਂ ਕਰੇ
ਪਲਕਾਂ ਸਵਾਰੀਆਂ।
ਪਿਆਰ ਦਾ ਸੁਭਾਅ ਕਦੇ
ਦਿਨੇ ਦਿਲ ਸੁੱਤੇ ਰਹਿਣਾ
ਰਾਤੀਂ ਜਾਗ ਸੁਪਨੇ 'ਚ
ਮਾਰੇ ਕਿਲਕਾਰੀਆਂ।
ਵਾਹ! ਉਹ ਮਲੂਕ ਜ਼ਿੰਦਾਂ
ਮਿਲਦੀਆਂ ਸੀ ਨਿੱਤ ਕਿੱਦਾਂ
ਲਾਉਂਦੀਆਂ ਸੀ ਨਿੱਤ ਰਾਤੀਂ
ਝਨਾਂ ਵਿੱਚ ਤਾਰੀਆਂ।

ਦੂਰ ਦੂਰ ਤੱਕਿਆ ਸੀ
ਰਾਹ ਤੈਂਡਾ ਸੱਜਣਾ ਵੇ
ਦਿਸਿਆ ਨਾ ਆਉਂਦਾ ਕਿਤੇ
ਮੁੜੀਆਂ ਲਚਾਰੀਆਂ।
ਹਾੜਾ! ਨਾ ਤੂੰ ਮੋੜ ਸਾਨੂੰ
ਹਾੜਾ! ਨਾ ਤੂੰ ਤੋੜ ਸਾਨੂੰ
ਅਸੀਂ ਤਾਂ ਵੇ ਜ਼ਿੰਦਗੀਆਂ
ਤੇਰੇ ਉੱਤੋਂ ਵਾਰੀਆਂ।
ਕੱਪੜੇ ਦੇ ਨਾਂਲੋਂ ਜਿਵੇਂ
ਲੇਹਾ ਕੋਈ ਤੋੜ ਸੁੱਟੇ
ਸੁੱਟ ਦਿੱਤਾ ਤੁਸਾਂ ਸਾਨੂੰ
ਭੱਠ ਪਈਆਂ ਯਾਰੀਆਂ।

ਨੀਵਾਂ ਹੋ ਕੇ ਆ ਜਾਵੇ
ਸੱਤ ਵੇ ਬਿਗਾਨੇ ਘਰ
ਮੋੜਦਾ ਨਾਂ ਕੋਈ ਹਾਇ
ਛਮਕਾਂ ਤੈਂ ਮਾਰੀਆਂ।
ਅਜੇ ਤੱਕ ਇਸ ਨਿਹੁੰ ਨੂੰ
ਜਿੱਤਿਆਂ ਦਿਸੇ ਨਾ ਕੋਈ
ਸਾਰ ਪਾਸਾ ਲਾਉਣ ਲਈ
ਕਿਉਂ ਨਰਦਾਂ ਖਿਲਾਰੀਆਂ।
✪

## ਨਿਜ ਅਤੇ ਪਰ ਨਾਲ ਸੰਵਾਦ ਰਚਾਉਂਦੀ ਕਵਿਤਾ

ਸਾਹਿਤ ਦੀ ਸਮਾਜਕ, ਰਾਜਨੀਤਿਕ ਅਤੇ ਸਭਿਆਚਾਰਕ ਖੇਤਰ ਵਿੱਚ ਭੂਮਿਕਾ ਉਚ ਪਾਏ ਦੀ ਹੋਣੀ ਚਾਹੀਦੀ ਹੈ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਸਾਹਿਤ ਲੋਕ- ਮੁਖੀ ਹੋਣ ਦੀ ਬਜਾਏ ਅਸਾਹਿਤ ਹੋ ਕੇ ਲੋਕਾਂ ਨਾਲ ਨਹੀਂ ਜੁੜਦਾ ਸਗੋਂ ਅੰਤਰਮੁਖਤਾ ਅਤੇ ਸਵੈਕੇਂਦਰਿਤ ਅਣਯਥਾਰਥਕ ਤੇ ਪੇਤਲੀ ਸਤਹਿ ਤੇ ਵਿਚਰਦਾ ਹੈ। ਸਾਹਿਤ ਦਾ ਲੋਕਾਂ ਪ੍ਰਤੀ ਇਹ ਫ਼ਰਜ ਬਣਦਾ ਹੈ ਕਿ ਉਹ ਲੋਕ-ਪੱਖੀ ਵਿਚਾਰਾਂ ਦਾ ਪ੍ਰਗਟਾਵਾ ਕਰੇ ਅਤੇ ਪੀੜਤ ਧਿਰ ਦੀ ਆਵਾਜ਼ ਬਣਕੇ ਲੋਕਾਂ ਦੀ ਅਗਵਾਈ ਵਾਲਾ ਰੋਲ ਨਿਭਾਵੇ।

ਲੇਖਕ ਦਾ ਇਹ ਫ਼ਰਜ ਬਣਦਾ ਹੈ ਜੇ ਉਹ ਬੇਇਨਸਾਫੀਆਂ, ਧੱਕੇ- ਧੋੜਿਆਂ ਦੇ ਖਿਲਾਫ ਅਤੇ ਥੁੜੇ-ਟੁੱਟੇ ਲੋਕਾਂ ਦੀ ਬਾਤ ਪਾਉਂਦਾ ਹੈ ਤਾਂ ਉਸਨੂੰ ਆਪਣੀ ਜ਼ਿੰਦਗੀ ਵਿੱਚ ਸੰਘਰਸ਼ਸ਼ੀਲ ਹੋ ਕੇ ਅਮਲ ਦੇ ਪੰਧ ਤੇ ਤੁਰਨਾ ਚਾਹੀਦਾ ਹੈ।

ਲੇਖਕ ਸਮਾਜ ਦਾ ਅੰਗ ਹੈ। ਜੋ ਕੁੱਝ ਸਮਾਜ ਵਿੱਚ ਵਾਪਰਦਾ ਉਸਤੋਂ ਸਾਹਿਤਕਾਰ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਨਾਲ ਦੀ ਨਾਲ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤਕਾਰ ਤੀਖਣ ਬੁੱਧੀ ਤੇ ਵਿਸ਼ਾਲ ਗਿਆਨ ਦੇ ਮਾਲਕ ਹੁੰਦੇ ਹਨ।

ਕਾਵਿ-ਵਿਧਾ ਦੀ ਮੁਢੱਲੀ ਸ਼ਰਤ ਇਹ ਬਣਦੀ ਹੈ ਕਿ ਇਹ ਸਮਕਾਲ ਜੀਵਨ ਨੂੰ ਸੰਬੋਧਨ ਹੋਵੇ। ਲੋਕਾਂ ਦੀਆਂ ਦੁੱਖਾਂ, ਤਕਲੀਫ਼ਾਂ ਨੂੰ ਆਪਣੇ ਵਿਸ਼ੇ-ਵਸਤੂ ਦਾ ਅੰਗ ਬਣਾਵੇ। ਕਵਿਤਾ ਨੂੰ ਨਿੱਜ ਤੋਂ ਪਰ ਦਾ ਸਫ਼ਰ ਤਹਿ ਕਰਨਾ ਚਾਹੀਦਾ ਹੈ ਤਾਂ ਹੀ ਕਵਿਤਾ ਲੋਕਤਾ ਦੇ ਅੰਗ- ਸੰਗ ਰਹਿ ਸਕਦੀ ਹੈ। ਕਵੀ ਨੂੰ ਲੋਕ- ਪੀੜਾ ਨੂੰ ਜਾਨਣਾ, ਸਮਝਣਾ ਤੇ ਉਸਨੂੰ ਅਭਿਵਿਅਕਤ ਕਰਨਾ ਚਾਹੀਦਾ ਹੈ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਉਹ ਲੋਕਾਂ ਨਾਲੋਂ ਟੁੱਟ ਜਾਵੇਗਾ। ਹੱਕ ਸੱਚ ਦੇ ਪੱਖ ਵਿੱਚ ਆਵਾਜ਼ ਬੁਲੰਦ ਕਰਨੀ ਸਾਹਿਤਕਾਰਾਂ ਦਾ ਮੁਢਲਾ ਫ਼ਰਜ ਬਣਦਾ ਹੈ। ਸਮੇਂ ਦੇ ਸੱਚ ਨੂੰ ਕਲਿਆਣਕਾਰੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਚਾਹੀਦਾ ਹੈ।

ਜਰਨੈਲ ਅੱਚਰਵਾਲ ਨੇ ਇਸ ਤੋਂ ਪਹਿਲਾਂ ਦੋ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਆਪਣੇ ਤੀਜੇ ਕਾਵਿ- ਸੰਗ੍ਰਹਿ 'ਪੀਆ ਤੇ ਪਪੀਹਾ' ਫੇਰ ਉਹ ਲੰਬੇ ਅਰਸੇ ਤੋਂ ਪਿੱਛੋਂ ਪੰਜਾਬੀ ਕਾਵਿ ਜਗਤ ਵਿੱਚ ਆਪਣੀ ਹਾਜ਼ਰੀ ਲਵਾਉਂਦਾ ਹੈ। ਜਰਨੈਲ ਅੱਚਰਵਾਲ ਪ੍ਰਭਾਵਸ਼ਾਲੀ ਤੇ ਨਿਰਮਾਣ ਸਖ਼ਸ਼ੀਅਤਾ ਦਾ ਮਾਲਕ ਹੈ। ਉਹ ਸਿਰੜੀ, ਦ੍ਰਿੜ ਇਰਾਦੇ ਵਾਲਾ, ਅਤੇ ਸਾਧਾਰਨ ਮਨੁੱਖ ਹੈ। ਉਹ ਸਿੱਧੇ ਸਾਦੇ ਲੋਕਾਂ ਦੀ ਸ਼ੈਲੀ ਵਿੱਚ ਲਿਖਦਾ ਹੈ। ਉਸਦੇ ਪਰਪੱਖ ਕਾਵਿ-ਸੰਸਾਰ ਪਿੱਛੇ ਉਸਦੀ ਲੰਬੀ ਤੇ ਅਣਥੱਕ ਸਾਧਨਾ ਕੰਮ ਕਰਦੀ ਨਜ਼ਰ ਆਉਂਦੀ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸਨੇ ਆਪਣੀ ਪ੍ਰੋੜ ਕਾਵਿ- ਚੇਤਨਾ ਦਾ ਪ੍ਰਤੀਬਿੰਬ ਪੇਸ਼ ਕੀਤਾ ਹੈ। ਉਸਦੀ ਸ਼ਾਇਰੀ ਪੂਰੇ ਨਿਖਾਰ ਤੇ ਹੈ। ਸਾਡੇ ਇਸ ਲੋਕ ਸ਼ਾਇਰ ਨੇ 'ਨੌਜਵਾਨ ਭਾਰਤ ਸਭਾ' ਤੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਫਰੰਟ ਤੇ ਸਰਗਰਮ ਕਾਰਕੁੰਨ ਦੇ ਤੌਰ ਤੇ ਕੰਮ ਕੀਤਾ ਹੈ। ਜਰਨੈਲ ਅੱਚਰਵਾਲ ਲੋਕਾਂ ਦੀਆਂ ਦੁੱਖਾਂ, ਤਕਲੀਫ਼ਾਂ ਵਿੱਚ ਬਤੌਰ ਹਮਦਰਦ ਕੰਮ ਕਰਦਾ ਹੈ। ਇਹ ਲੋਕਤਾ ਦੀ ਪੀੜਾ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾਉਂਦਾ ਹੈ। ਇਸ ਲੋਕ-ਸ਼ਾਇਰ ਨੇ ਪੰਜਾਬ ਦੇ ਕਾਲੇ ਦਿਨਾਂ ਦੇ ਦੌਰ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ। ਇਸਨੇ ਸਾਹਿਤਕ ਖੇਤਰ ਵਿੱਚ ਸੰਤ ਰਾਮ ਉਦਾਸੀ, ਜੈਮਲ ਪੰਡਾ, ਪਾਸ਼, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਦਰਸ਼ਨ ਖਟਕੜ, ਓਮ ਪ੍ਰਕਾਸ਼ ਕੁੱਸਾ ਤੇ ਕਰਮਜੀਤ ਸਿੰਘ ਕੁੱਸਾ ਦੇ ਪ੍ਰਭਾਵ ਨੂੰ ਅਚੇਤ ਤੌਰ ਤੇ ਕਬੂਲ ਕੀਤਾ ਹੈ।

ਜਰਨੈਲ ਅੱਚਰਵਾਲ ਨੇ ਪੁਰਾਣੀ ਤੇ ਵੇਲਾ ਵਿਹਾਅ ਚੁੱਕੀ ਪਰੰਪਰਾ ਦਾ ਤਿਆਗ ਕਰਕੇ ਪਰੰਪਰਾ ਤੇ ਵਿਰਸੇ ਨੂੰ ਨਵੀਨ ਮੁਹਾਂਦਰੇ ਰਾਹੀਂ ਪ੍ਰਗਟਾਉਣ ਦਾ ਪ੍ਰਯਤਨ ਕੀਤਾ ਹੈ। ਉਸਨੇ ਪੰਜਾਬੀਅਤ ਦੇ ਸੰਕਲਪ ਤੇ ਨਰੋਏ ਵਿਰਸੇ ਨੂੰ ਆਪਣੇ ਕਾਵਿ-ਸੰਸਾਰ ਵਿੱਚ ਮੂਰਤੀਮਾਨ ਕੀਤਾ ਹੈ। ਪੰਜਾਬ ਤੇ ਅਨੇਕਾਂ ਵਾਰੀ ਵਿਦੇਸ਼ੀ ਹਮਲਾਵਾਰਾਂ ਤੇ ਧਾੜਵੀਆਂ ਨੇ ਹੱਲੇ ਬੋਲੇ ਪਰ ਪੰਜਾਬ ਭਾਰਤ ਦੀ ਖੜਗ ਭੁਜਾ ਬਣਦਾ ਰਿਹਾ ਹੈ। ਜਰਨੈਲ ਅੱਚਰਵਾਲ ਦਾ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਦੇ ਵਿਕਾਸ ਵਿੱਚ ਬਹੁ-ਪੱਖੀ ਤੇ ਅਨੇਕ ਪਾਸਾਰੀ ਯੋਗਦਾਨ ਹੈ।

ਪੰਜਾਬੀਅਤ ਦੇ ਸੰਕਲਪ ਨੂੰ ਜਰਨੈਲ ਅੱਚਰਵਾਲ ਨੇ ਇਸ ਕਾਵਿ- ਸੰਗ੍ਰਹਿ ਵਿੱਚ ਇੰਝ ਪੇਸ਼ ਕੀਤਾ ਹੈ।

ਗਿੱਧਿਆਂ ਦੀ ਬੋਲੀ ਵਿੱਚ ਘੁਲਿਆ
ਪਿਆਰ ਹੈ ਸਾਡੇ ਲੋਕਾਂ ਦਾ
ਤ੍ਰਿੰਝਣਾਂ ਦੇ ਚਰਖਿਆਂ ਦੀ ਘੂਕਰ
ਮਾਣ ਸੀ ਸਾਡੀਆਂ ਢੋਕਾਂ ਦਾ
ਅਣਖ ਦੀ ਖਾਤਰ ਮਰ ਮਿਟ ਜਾਈਏ
ਹੋ ਜਾਈਏ ਕੁਰਬਾਨ ਕੁੜੇ।
ਜਾਂ
ਅਣਖਾਂ ਦਾ ਪਹਿਰੇਦਾਰ ਮੁੱਢ ਤੋਂ ਪੰਜਾਬ ਹੈ,
ਗੂੰਗਿਆਂ ਦੀ ਰਿਹਾ ਸਦਾ ਬਣਿਆ ਆਵਾਜ਼ ਹੈ।

ਆਪਣੇ ਕਾਵਿ-ਸੰਗ੍ਰਹਿ ਦੀ ਪਹਿਲੀ ਨਜ਼ਮ 'ਯੁੱਗ ਇੱਕ' ਵਿੱਚ ਜਰਨੈਲ ਅੱਚਰਵਾਲ ਕਵਿਤਾ ਦੇ ਪ੍ਰਕਾਰਜ ਤੇ ਸਰੂਪ ਨੂੰ ਉਘਾੜਨ ਦਾ ਪ੍ਰਯਤਨ ਕਰਦਾ ਹੈ। ਕਵੀ ਦੇ ਆਤਮ ਕਥਨ ਅਨੁਸਾਰ ਹਰੇਕ 'ਯੁੱਗ ਆਪਣੀਆਂ' ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ ਪਰਸਥਿਤੀਆਂ ਦੇ ਅਨੁਸਾਰ ਕਵਿਤਾ ਦੇ ਸਰੂਪ ਪ੍ਰਕਾਰਜ਼ ਤੇ ਵਿਸ਼ਾ-ਵਸਤੂ ਨੂੰ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਦਾ ਹੈ। ਇਸਦੇ ਨਾਲ ਨਾਲ ਕਵਿਤਾ ਸਮੁੱਚੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਸੰਵਾਰਨ ਤੇ ਨਿਖਾਰਨ ਵਿੱਚ ਵੱਡੀਆਂ ਤਬਦੀਲੀਆਂ ਲਿਆਕੇ ਸਮਾਜ ਦੇ ਵਿਕਾਸ ਨੂੰ ਅੱਗੇ ਤੋਰਦੀ ਹੈ। ਕਵਿਤਾ ਦਾ ਸਫ਼ਰ ਨਿਰੰਤਰ ਤੋਰ ਚਾਲੇ ਚਲਦਾ ਰਹਿੰਦਾ ਹੈ ਪਰ ਕਵਿਤਾ ਦੀ ਗਤੀਸ਼ੀਲਤਾ ਵਿੱਚ ਕੋਈ ਤਾਕਤ ਰੋੜਾ ਨਹੀਂ ਅਟਕਾ ਸਕਦੀ। ਜਰਨੈਲ ਦਾ ਇਕਬਾਲੀਆਂ ਬਿਆਨ ਇਸ ਤਰ੍ਹਾਂ ਹੈ:-

ਕਵਿਤਾ ਦਾ ਸਫ਼ਰ
ਕਦੇ ਮੁੱਕਦਾ ਨਹੀਂ
ਇਸਦੀ ਸ਼ੁਰੂਆਤ ਤਾਂ ਹੈ
ਪਰ ਅੰਤ ਨਹੀਂ।

ਜਰਨੈਲ ਅੱਚਰਵਾਲ ਦੀ ਇਸ ਕਾਵਿ-ਸੰਗ੍ਰਹਿ ਵਿੱਚ ਇੱਕ ਲੰਬੀ ਨਜ਼ਮ ' ਪੀਆ ਤੇ ਪਪੀਹਾ' ਹੈ। ਜਿਸ ਵਿੱਚ ਸ਼ਾਇਰ ਨੇ ਅੱਲੜ ਮੁਟਿਆਰ ਦੀਆਂ ਜਵਾਨ ਸਧਰਾਂ, ਇਛਾਵਾਂ ਤੇ ਉਮੰਗਾਂ ਦੀ ਚਿੰਨਾਤਮਕ ਸ਼ੈਲੀ ਰਾਹੀ ਪੇਸ਼ ਕੀਤਾ ਹੈ। ਕੁਦਰਤ ਦੇ ਕਹਿਰ ਨਾਲ ਗਰੀਬ ਕਿਸਾਨ ਦੀ ਫ਼ਸਲ ਬਿਲਕੁਲ ਤਬਾਹ ਹੋ ਜਾਂਦੀ ਹੈ। ਮੁਟਿਆਰ ਦਾ ਹਾਣੀ ਪ੍ਰਤੀ ਸਧਰਾਂ ਦਾ ਕਤਲ ਹੋ ਜਾਂਦਾ ਹੈ। ਕੁਦਰਤ ਦੇ ਕਹਿਰ ਕਰਕੇ ਕਿਸਾਨ ਆਪਣੀ ਜਵਾਨ ਧੀ ਦੇ ਹੱਥ ਪੀਲੇ ਕਰਨ ਤੋਂ ਵਾਂਝਿਆਂ ਹੋ ਜਾਂਦਾ ਹੈ। ਸੰਵਾਦਕ ਸ਼ੈਲੀ ਚਿੰਤਨ ਦੇ ਮਾਧਿਅਮ ਰਾਹੀਂ ਕਿਸਾਨੀ ਦੀ ਨਿੱਘਰ ਰਹੀ ਆਰਥਿਕਤਾ ਨੂੰ ਆਪਣੇ ਯਥਾਰਥਕ ਬੋਧ ਦੁਆਰਾ ਪ੍ਰਸਤੁਤ ਕੀਤਾ ਹੈ। ਮੁਟਿਆਰ ਦੀਆਂ ਕੁਚਲੀਆਂ ਸਧਰਾਂ ਨੂੰ ਕਵੀ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ।

ਵੇਖ! ਪਪੀਹੇ ਚੰਦਰਿਆ
ਫਿਰ ਤੂੰ ਉਹੀ ਬਕ ਰਿਹਾ
ਤੂੰ ਤਾਂ ਮੇਰੇ ਬਾਪ ਦੀ
ਘੰਡੀ ਤੇ ਹੱਥ ਰੱਖ ਰਿਹਾ।

ਮੁਟਿਆਰ ਦੇ ਮਨ ਵਿੱਚ ਇਹ ਵਲਵਲਾ ਹੈ ਕਿ ਪੀਆ ਦੇ ਨਾ ਮਿਲਣ ਤੇ ਮੇਰੀ ਜਿੰਦ ਘੁਣ ਬਣਕੇ ਰਹਿ ਜਾਵੇਗੀ। ਮੁਟਿਆਰ ਦੇ ਮਨ ਵਿੱਚ ਪੀਆ ਨੂੰ ਮਿਲਣ ਦੀ ਲੋਚਾ ਹੈ ਉਸਦੇ ਨੈਣਾਂ ਵਿੱਚੋਂ ਵਲਵਲੇ ਉੱਠਦੇ ਹਨ। ਪਰ ਕਰੁੱਤੀ ਬਾਰਸ਼ ਨਾਲ ਚਾਰੇ ਪਾਸੇ ਤਬਾਹੀ ਹੀ ਤਬਾਹੀ ਹੋ ਜਾਂਦੀ ਹੈ। ਇਸ ਕਵਿਤਾ ਵਿੱਚ ਕਵੀ ਨੇ ਸੁਪਨੇ ਦੇ ਰਾਹੀਂ ਚੇਤਨਾ-ਪ੍ਰਵਾਹ ਸ਼ੈਲੀ ਦਾ ਪ੍ਰਯੋਗ ਕਰਕੇ ਕਵਿਤਾ ਵਿੱਚ ਨਵੀਨ ਰੰਗ ਭਰਿਆ ਹੈ। ਜਰਨੈਲ ਅੱਚਰਵਾਲ ਇਸ ਲੰਬੀ ਨਜ਼ਮ ਵਿੱਚ ਮੁਟਿਆਰ ਦਾ ਹੁਸਨ ਪੇਸ਼ ਕਰਨ ਸਮੇਂ ਅਚੇਤ ਰੂਪ ਵਿੱਚ ਕਿੱਸਾ-ਕਾਵਿ ਧਾਰਾ ਦੇ ਨੇੜੇ ਜਾ ਢੁੱਕਦਾ ਹੈ।

ਨੈਤਿਕ ਕਦਰਾਂ-ਕੀਮਤਾਂ ਖੰਭ ਲਾ ਕੇ ਉੱਡ ਗਈਆਂ ਹਨ। ਰਾਜਨੀਤਿਕ ਖੇਤਰ ਵਿੱਚ ਅਪਰਾਧੀਕਰਨ ਦਿਨੋਂ ਦਿਨ ਵੱਧ ਰਿਹਾ ਹੈ। ਦੇਸ਼ ਵਿੱਚ ਅਨਪੜ੍ਹਤਾ, ਗਰੀਬੀ, ਭੁੱਖ-ਨੰਗ, ਰਿਸ਼ਵਤਖੋਰੀ, ਮਿਲਾਵਟਖੋਰੀ, ਮੰਹਿਗਾਈ, ਬਾਲ ਮਜ਼ਦੂਰੀ, ਬੰਧੂਆਂ ਮਜਦੂਰੀ, ਔਰਤਾਂ ਦਾ ਸ਼ੋਸਣ, ਮੁੰਡਿਆਂ ਤੇ ਅਫਸਰਸਾਹੀ ਦੇ ਮੇਲ ਜੋੜ ਨੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਕਰ ਦਿੱਤਾ ਹੈ। ਲੋਕ-ਸ਼ਾਇਰ ਜਰਨੈਲ ਅੱਚਰਵਾਲ ਉਪਰਲੀਆਂ ਸਮੱਸਿਆਵਾਂ ਤੋਂ ਘਬਰਾਉਂਦਾ ਨਹੀਂ ਸਗੋਂ ਉਸ ਨੂੰ ਦੂਰ ਕਰਨ ਇਸ ਲਈ ਤਾਂਘਦਾ ਤੇ ਲੋਚਦਾ ਹੈ। ਇਸ ਤਰ੍ਹਾਂ ਦੇ ਪ੍ਰਬੰਧ ਨੂੰ ਤਹਿਸ ਨਹਿਸ ਕਰਕੇ ਉਹ ਚੰਗੇਰੇ ਸਮਾਜ ਲਈ ਅਹੁਲਦਾ ਹੈ। ਕਵੀ ਦਾ ਇਹ ਵਿਸ਼ਵਾਸ਼ ਹੈ ਕਿ ਜਿੱਥੇ ਹਰਕਤ ਹੈ ਉੱਥੇ ਬਰਕਤ ਹੈ। ਬੈਠੇ ਬਠਾਇਆਂ ਕੁਝ ਨਹੀਂ ਸੌਰਨ ਲੱਗਾ ਸਗੋਂ ਜ਼ਿੰਦਗੀ ਵਿੱਚ ਗਤੀਸ਼ੀਲਤਾ ਬਹੁਤ ਜਰੂਰੀ ਹੈ। ਜਰਨੈਲ ਅੱਚਰਵਾਲ ਇੰਝ ਬਿਆਨ ਕਰਦਾ ਹੈ।

ਗਤੀ ਦਾ ਨਾਂ ਹੀ ਹੈ ਅਸਲ ਜ਼ਿੰਦਗੀ
ਗਤੀ ਬਾਝੋਂ ਆਦਮੀ ਹੈ ਹਾਰਿਆ।

ਜਰਨੈਲ ਅੱਚਰਵਾਲ ਦੀ ਕਵਿਤਾ ਵਿੱਚ ਪਿਆਰ ਦੇ ਜ਼ਜਬੇ ਦੀ ਤੜਪ ਹੈ। ਉਹ ਲੋਕ ਕਲਿਆਣ ਨਾਲੋਂ ਲੋਕ ਜਾਗਰਤੀ ਦੀਆਂ ਵਧੇਰੇ ਗੱਲਾਂ ਕਰਦਾ ਹੈ। ਉਹ ਪਰੰਪਰਾਗਤ ਕਦਰਾਂ-ਕੀਮਤਾਂ ਤੇ ਸ਼ਕਤੀਆਂ ਉੱਤੇ ਸੱਟ ਮਾਰਦਾ ਹੈ ਅਤੇ ਸਰਮਾਏਦਾਰੀ ਦੇ ਘਿਣਾਉਣੇ ਰੂਪ ਨੂੰ ਪੇਸ਼ ਕਰਦਾ ਹੈ। ਉਸਨੂੰ ਕਿਰਤੀ ਕਿਸਾਨ ਜਨ ਸ਼ਕਤੀ ’ਤੇ ਪੂਰਨ ਭਰੋਸਾ ਹੈ। ਉਹ ਵਿਸ਼ਵ ਸ਼ਾਂਤੀ ਲਈ ਤਾਂਘ ਕਰਦਾ ਹੈ। ਉਹ ਨਰੋਈਆਂ ਤੇ ਲੋਕ ਪੱਖੀ ਪਰੰਪਰਾਗਤ ਕੀਮਤਾਂ ਨੂੰ ਅੱਗੇ ਤੋਰਦਾ ਹੈ। ਉਸਨੇ ਆਪਣੀਆਂ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਵਿੱਚ ਨਿੱਜੀ ਪੀੜ, ਹੁਸਨ ਤੇ ਇਸ਼ਕ ਦੇ ਨਾਲ ਨਾਲ ਮਨੁੱਖੀ ਦਰਦਾਂ ਤੇ ਵੀ ਉਂਗਲ ਰੱਖੀ ਹੈ। ਉਹ ਆਪਣੇ ਵਿਚਾਰਾਂ ਨੂੰ ਕਾਵਿ ਤੇ ਬੋਝ ਨਹੀਂ ਬਣਨ ਦਿੰਦਾ। ਉਸਨੂੰ ਰਾਗਾਤਮਿਕਤਾ ਅਤੇ ਲੈਅ ਦਾ ਪੂਰਨ ਗਿਆਨ ਹੈ। ਜਰਨੈਲ ਇਸ ਦ੍ਰਿਸ਼ਟੀਕੋਣ ਤੋਂ ਪ੍ਰਤੀਬੱਧ ਸ਼ਇਰ ਹੋ ਨਿਬੜਦਾ ਹੈ। ਉਹ ਘਟਨਾਵਾਂ ਦਾ ਸਹੀ ਵਿਸ਼ਲੇਸ਼ਣ ਕਰਦਾ ਹੈ। ਉਹ ਨਿੱਜੀ ਪਿਆਰ ਨੂੰ ਸਮੂਹਿਕ ਪਿਆਰ ਦਾ ਅੰਗ ਬਣਾਕੇ ਪੇਸ਼ ਕਰਦਾ ਹੈ।

ਜੁਗਨੂਆਂ ਨੇ ਕੱਟਣਾ
ਹੈ ਪੰਧ ਅੰਧੇਰ ਦਾ
ਸਰਘੀ ਨੇ ਹੈ ਖੋਲ੍ਹ ਣਾ
ਬੂਹਾ ਸਵੇਰ ਦਾ
ਗੀਤ ਹੈ ਇਹ ਗੂੰਜਣਾ
ਸਮਿਆਂ ਦੀ ਟੇਪ ਤੇ

‘ਪੀਆ ਤੇ ਪਪੀਹਾ’ ਕਾਵਿ-ਸੰਗ੍ਰਹਿ ਵਿੱਚ ਨਜ਼ਮਾਂ, ਗ਼ਜ਼ਲਾਂ ਅਤੇ ਗੀਤ ਆਦਿ ਵਿਧਾਵਾਂ ਪਾਈਆਂ ਜਾਂਦੀਆਂ ਹਨ। ਜਰਨੈਲ ਅੱਚਰਵਾਲ ਦੇ ਗੀਤਾਂ ਤੇ ਗ਼ਜ਼ਲਾਂ ਵਿੱਚ ਸਰੋਦੀ ਗੁਣ ਹੈ। ਜ਼ਿੰਦਗੀ ਲਈ ਹਾਂ ਪੱਖੀ ਸੋਚ ਹੈ। ਸਾਹਿਤਕ ਤੇ ਸੱਭਿਆਚਾਰ ਦ੍ਰਿਸ਼ਟੀ ਤੋਂ ਕਵੀ ਦਾ ਕਾਵਿ-ਸੰਸਾਰ ਮਾਨਣਯੋਗ ਹੈ। ਉਸਦੀਆਂ ਗ਼ਜ਼ਲਾਂ ਵਿੱਚ ਜੀਵਨ ਸੱਚ ਪ੍ਰਧਾਨ ਹੈ। ਪਿੰਗਲ ਤੇ ਅਰੂਜ ਦੇ ਪੱਖੋਂ ਉਸਦੀਆਂ ਗ਼ਜ਼ਲਾਂ ਤੇ ਉਂਗਲ ਧਰੀ ਜਾ ਸਕਦੀ ਹੈ। ਗ਼ਜ਼ਲ ਦਾ ਰੰਗ ਉੱਚੀ ਸੁਰ ਵਾਲਾ ਕਿਹਾ ਜਾ ਸਕਦਾ ਹੈ।

ਜਰਨੈਲ ਅੱਚਰਵਾਲ ਮਾਨਵੀ ਸਦਗੁਣਾਂ, ਦ੍ਰਿੜਤਾ, ਸਿਦਕ, ਸਬਰ, ਠਰ੍ਹੰ ਮੇ, ਨਿਮਰਤਾ, ਨਿਰੰਤਰਤਾ, ਸਹਿਨਸ਼ੀਲਤਾ, ਸੁਹਿਰਦਤਾ, ਇਮਾਨਦਾਰੀ ਆਦਿ ਦਾ ਪ੍ਰਤੀਮਾਨ ਰਚਦਿਆਂ ਇੰਨ੍ਹ ਾਂ ਦੀ ਭਰਪੂਰ ਪ੍ਰਸ਼ੰਸਾ ਕਰਦਾ ਹੈ। ਉਹ ਲੋਕਾਂ ਦੀ ਚੇਤਨਾ ਤੇ ਜੱਥੇਬੰਦਕ ਸ਼ਕਤੀ ਵਿੱਚ ਅਡੋਲ- ਅਡਿੱਗ ਵਿਸ਼ਵਾਸ਼ ਰੱਖਣ ਦਾ ਪ੍ਰਗਟਾਵਾ ਕਰਦਾ ਹੈ। ਜਮਾਤੀ ਚੇਤਨਾ ਤੇ ਸੰਘਰਸ਼ ਵਿੱਚ ਡੂੰਘਾ ਭਰੋਸਾ ਪ੍ਰਗਟਾਉਂਦਾ ਹੋਇਆ ਉਹ ਮਿਹਨਤਕਸ ਲੋਕਾਂ ਦੀ ਸਾਕਾਰਤਮਕ ਭੂਮਿਕਾ ਨੂੰ ਵਾਰ ਵਾਰ ਵਡਿਆ ਕੇ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਲੋਕ ਹਿੱਤ ਅਤੇ ਇਸ ਤਰ੍ਹ ਾਂ ਸਾਹਿਤ ਦੀ ਕਲਿਆਣਕਾਰੀ ਭੂਮਿਕਾ ਦੇ ਅਨੁਰੂਪ ਹੈ।

ਜਰਨੈਲ ਅੱਚਰਵਾਲ ਦੇ ਕਾਵਿ-ਸੰਸਾਰ ਵਿੱਚੋਂ ਇਨਕਲਾਬੀ ਲਹਿਰ ਦੀ ਪ੍ਰਤੀਧੁਨੀ ਗੂੰਜਦੀ ਹੈ। ਉਹ ਲੋਟੂ ਜਮਾਤੀ ਵਿਵਸਥਾ ਦੀਆਂ ਗਹਿਰ ਗੰਭੀਰ ਤੇ ਲੁਕਵੀਆਂ ਚਾਲਾਂ ਤੋਂ ਵਧੇਰੇ ਜਾਗਰੂਕ ਹੋ ਜਾਂਦਾ ਹੈ। ਉਹ ਨਾਂਹ ਪੱਖੀ ਯਥਾਰਥ ਨੂੰ ਤਿੱਖੀ ਵਿਅੰਗ ਸ਼ੈਲੀ ਰਾਹੀਂ ਨੀਗੇਟ ਕਰਦਾ ਹੈ। ਜਿਸ ਕਰਕੇ ਉਸਦੀ ਸ਼ਾਇਰੀ ਵਿੱਚ ਗਹਿਰਾਈ ਅਤੇ ਵਡੇਰੀ ਸੰਚਾਰ ਸਮੱਰਥਾ ਪੈਦਾ ਹੁੰਦੀ ਹੈ।

ਪ੍ਰੋ: ਮੋਹਨ ਸਿੰਘ ਨੇ ਪ੍ਰਗਤੀਵਾਦੀ ਪੰਜਾਬੀ ਕਾਵਿ-ਧਾਰਾ ਦਾ ਮੂੰਹ- ਮੱਥਾ ਸੰਵਾਰਨ ਵਿੱਚ ਲੋਕ ਰੰਗ ਵਾਲੀ ਸ਼ੈਲੀ ਅਪਨਾਈ। ਇਸ ਧਾਰਾ ਨੇ ਪੰਜਾਬੀਆਂ ਵਿੱਚ ਨਵੀਂ ਯੁੱਗ-ਚੇਤਨਾ ਨੂੰ ਪੈਦਾ ਕੀਤਾ। ਇਸੇ ਤਰ੍ਹ ਾਂ ਹੀ ਜਰਨੈਲ ਅੱਚਰਵਲ ਨੇ ਪੰਜਾਬੀ ਕਵਿਤਾ ਨੂੰ ਜਨ ਸਾਧਾਰਨ ਦੇ ਜੀਵਨ ਦਾ ਅੰਗ ਬਣਾਉਣ ਵਿੱਚ ਭਰਪੂਰ ਹੀਲਾ ਕੀਤਾ ਹੈ।

ਹੌਂਸਲੇ ਦੀ ਜਿੰਨ੍ਹ ਾਂ ਕੋਲ ਮਿਲਖ ਹੈ
ਪਰਬਤਾਂ ਦੇ ਨਾਲ ਉਹੀ ਖਹਿਣਗੇ।

ਕਵਿਤਾ ਸਰਲ ਸਪੱਸ਼ਟ ਕਹਿਣ ਤੋਂ ਭਾਵ ਆਮ ਲੋਕਾਂ ਦੇ ਸਮਝ ਵਿੱਚ ਆਵੇ। ਕਈ ਵਾਰੀ ਬੌਧਿਕ ਕਲਾ ਬਾਜ਼ੀਆਂ ਕਵੀ ਨੂੰ ਸੀਮਤ ਦਾਇਰੇ ਅੰਦਰ ਹੀ ਪ੍ਰਵਾਨ ਕਰਨ ਦੇ ਯੋਗ ਬਣਾਉਂਦੀਆਂ ਹਨ। ਕਵਿਤਾ ਵਿੱਚ ਰਵਾਨੀ, ਲੈਅ ਹੋਵੇ ਅਤੇ ਕੋਈ ਅਟਕਾਅ ਨਾ ਹੋਵੇ। ਕਵਿਤਾ ਵਿੱਚ ਵਿਚਾਰਧਾਰਕ ਬੋਧ ਭਾਵ ਬਣਕੇ ਮੂਰਤੀਮਾਨ ਹੋਵੇ। ਲੋਕ ਸੰਬੋਧਨੀ ਸ਼ੈਲੀ ਵਰਤਣ ਨਾਲ ਵੀ ਪਾਠਕ ਤੇ ਸਰੋਤੇ ਤੇ ਕਵੀ ਦੀ ਸਿਰਜਣ-ਪ੍ਰਕਿਰਿਆ ਦੇ ਹਾਣੀ ਬਣਦੇ ਹਨ। ਜਰਨੈਲ ਅੱਚਰਵਾਲ ਦੀ ਕਵਿ-ਸ਼ੈਲੀ ਸਰੋਤਾ ਮੁੱਖ ਸੰਬੋਧਨੀ ਸ਼ੈਲੀ ਪ੍ਰਕਿਰਤੀ ਦੀ ਧਾਰਨੀ ਹੈ। ਇਹ ਸ਼ੈਲੀ ਸਰੋਤਿਆਂ ਤੇ ਪਾਠਕਾਂ ਨਾਲ ਸਿਧਾ ਸੰਵਾਦ ਰਚਾਉਂਦੀ ਹੋਈ ਉਨ੍ਹ ਾਂ ਨੂੰ ਕਾਵਿ ਸਿਰਜਨ- ਪ੍ਰਕਿਰਿਆ ਵਿੱਚ ਅਸਿੱਧੇ ਜਾਂ ਸਿੱਧੇ ਢੰਗ ਨਾਲ ਸ਼ਾਮਿਲ ਕਰਦੀ ਹੈ। ਉਸਨੇ ਆਪਣੇ ਕਾਵਿ- ਸੰਸਾਰ ਵਿੱਚ ਚਿੰਨ, ਪ੍ਰਤੀਕ ਤੇ ਬਿੰਬਾਬਲੀ ਆਮ ਜਨ ਜੀਵਨ ਵਿੱਚੋਂ ਲਈ ਹੈ।

ਜਰਨੈਲ ਅੱਚਰਵਾਲ ਨੇ ਅਧੁਨਿਕ ਕਾਵਿ-ਰੂਪਾਂ ਵਿੱਚੋਂ ਗੀਤ ਨੂੰ ਆਪਣੀ ਵੇਦਨਾਂ -ਸੰਵੇਦਨਾ ਪ੍ਰਗਟਾਉਂਣ ਦਾ ਮਾਧਿਅਮ ਬਣਾਇਆ ਹੈ। ਗੀਤ ਵਿੱਚ ਵਿਚਾਰ ਸਰਲਤਾ, ਸਹਿਜਤਾ ਅਤੇ ਸੁਹਜ ਪੇਸ਼ ਕੀਤੇ ਜਾ ਸਕਦੇ ਹਨ। ਗੀਤ ਇੱਕ ਸੰਬੋਧਨੀ ਕਾਵਿ ਹੈ। ਅੰਤਰ ਆਤਮਾ ਦੀ

ਖੁਸ਼ੀ ਨੂੰ ਸੰਬੋਧਨੀ ਸ਼ੈਲੀ ਵਿੱਚ ਵਿਅਕਤ ਕੀਤਾ ਜਾ ਸਕਦਾ ਹੈ। ਅਸਲ ਵਿੱਚ ਅੰਗਰੇਜ਼ੀ ਸ਼ਬਦ ਸੌਂਗ ਗੀਤ ਦੀ ਵਿਸ਼ੇਸ਼ਤਾ ਵਿਖਾਉਂਦਾ ਹੈ। ਲੈਅ,ਸੁਰ ਤੇ ਤਾਲ ਇਸਦੇ ਅੰਗ ਹਨ।

ਗੀਤ ਵਿੱਚ ਹਲਕੀ ਫ਼ੁਲਕੀ ਸਭਿਆਚਾਰਕ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਗੀਤ ਹਮੇਸ਼ਾ ਸੱਜਰਾ ਅਤੇ ਨਰੋਆ ਹੁੰਦਾ ਹੈ। ਗੀਤ ਵਿੱਚ ਰਵਾਇਤੀ, ਰੁਮਾਂਸਵਾਦੀ, ਪ੍ਰਗਤੀਵਾਦੀ ਅਤੇ ਜੁਝਾਰਵਾਦੀ ਆਦਿ ਸਭ ਤਰ੍ਹਾਂ ਦੇ ਵਿਸ਼ੇ ਬਖੂਬੀ ਪੇਸ਼ ਕੀਤੇ ਜਾ ਸਕਦੇ ਹਨ। ਜਰਨੈਲ ਅੱਚਰਵਾਲ ਨੇ ਸਭ ਤਰ੍ਹਾਂ ਦੇ ਵਿਸ਼ਿਆਂ ਨੂੰ ਆਪਣੀ ਸਮੱਰਥਾ ਅਨੁਸਾਰ ਇਸ ਕਾਵਿ-ਸੰਗ੍ਰਹਿ ਵਿੱਚ ਪੇਸ਼ ਕੀਤਾ ਹੈ।

ਜਰਨੈਲ ਅੱਚਰਵਾਲ ਕਿਰਤ ਦੀ ਮੁਕਤੀ ਨਾਲ ਇਸ਼ਕ ਰੱਖਣ ਵਾਲਾ ਸ਼ਾਇਰ ਹੈ। ਕਿਰਤੀ ਦੀ ਪੀੜਾ ਉਸਦੇ ਦਿਲ ਦੀ ਧੜਕਣ ਹੈ। ਸਾਡਾ ਇਹ ਲੋਕ ਸ਼ਾਇਰ ਲੁਟੇਰੇ ਸਮਾਜ ਤੇ ਪ੍ਰਬੰਧ ਪ੍ਰਤੀ ਅਥਾਹ ਨਰਫ਼ਤ ਰੱਖਦਾ ਹੈ। ਉਹ ਸਰਮਾਏਦਾਰੀ ਨਿਜ਼ਾਮ ਨੂੰ ਤਹਿਸ-ਨਹਿਸ ਕਰਨ ਦਾ ਸੱਦਾ ਦਿੰਦਾ ਹੈ। ਉਹ ਸੁਨਿਹਰੇ ਭਵਿੱਖ ਦੀ ਕਲਪਨਾ ਰੱਖਦਾ ਹੈ।

ਐਸੀ ਨੀਂਦ ਸੁਆ ਦਿਓ, ਮੁੜ ਕੇ ਨਾਂ ਉਠਣ।
ਵੈਰੀ ਵੱਢ ਮੁਕਾ ਦਿਓ, ਮੁੜ ਕੇ ਨਾ ਫੁੱਟਣ
ਵੈਰੀ ਦੇ ਛੱਕੇ ਛੁਡਾ ਦਿਓ, ਜਾਓ ਹਿੰਦੀ ਸ਼ੇਰੋ।

**- ਬਿੱਕਰ ਸਿੰਘ ਸਿੱਧੂ**
ਜਨਰਲ ਸਕੱਤਰ
ਪੰਜਾਬੀ ਸਾਹਿਤ ਸਭਾ, ਮਹਿਲ ਕਲਾਂ (ਸੰਗਰੂਰ)

## ਸਮਝ ਤੇ ਸੁਨੇਹੇ ਦੀ ਸ਼ਾਇਰੀ

ਮੇਰੇ ਕੋਲ ਆਖਣ ਲਈ ਅੱਜ ਕੁਝ ਨਹੀਂ ਰਿਹਾ।
ਜੇ ਬਚ ਗਿਆ ਤਾਂ ਆਖਣ ਲਈ ਸੁੱਝ ਨਹੀਂ ਰਿਹਾ।

ਇਹ ਬੋਲ ਜਰਨੈਲ ਅੱਚਰਵਾਲ ਦੇ ਨੇ ਜੋ ਲੋਕਾਂ ਵਿੱਚ ਵਿਚਰਦਾ, ਉਹਨਾਂ ਦੀ ਜ਼ਿੰਦਗੀ ਦੇ ਸਰੋਕਾਰਾਂ ਨੂੰ ਸਮਝਦਾ ਤੇ ਅੰਗ ਸੰਗ ਹੁੰਦਾ, ਲੋਕ ਮੁਹਾਵਰੇ ਦੀ ਤਲਾਸ਼ ਕਰਦਾ, ਉਹਨਾਂ ਨੂੰ ਹੀ ਉਹਨਾਂ ਦੀ ਜ਼ਿੰਦਗੀ ਦੇ ਅਰਥਾਂ ਪ੍ਰਤੀ ਸੁਚੇਤ ਕਰਦਾ ਹਮੇਸ਼ਾ ਚਿੰਤਨਸ਼ੀਲ ਰਹਿੰਦਾ ਹੈ। ਉਪਰੋਕਤ ਦੋਹਾਂ ਸਤਰਾਂ ਵਿੱਚ ਉਹ ਇਕਬਾਲ ਕਰਦਾ ਹੈ ਕਿ ਮੇਰੇ ਕੋਲ ਆਖਣ ਲਈ ਕੁੱਝ ਨਹੀਂ ਰਿਹਾ। ਪਰ ਉਸਦਾ ਇਹ ਇਕਬਾਲੀਆ ਬਿਆਨ ਸਰਾਸਰ ਝੂਠ ਲਗਦਾ ਹੈ ਜਦੋਂ ਉਸਦੀ ਇਸ ਨਵੀਂ ਕਾਵਿ-ਸਿਰਜਣਾ ਦੇ ਸਨਮੁੱਖ ਹੋਈਦਾ ਹੈ। ਜਰਨੈਲ ਦੀ ਕਵਿਤਾ ਇਕੋ ਧੁਨ, ਇੱਕੋ ਬਿਰਤੀ, ਜਾਂ ਇਕੋ ਸੋਚ ਦੀ ਕਵਿਤਾ ਨਹੀਂ ਹੈ। ਉਹ ਜ਼ਿੰਦਗੀ ਨੂੰ ਬਹੁ ਦਿਸ਼ਾਵੀ ਕੋਣਾਂ ਤੋਂ ਵੇਖਦਾ ਹੀ ਨਹੀਂ ਸਗੋਂ ਨਿਰਖਦਾ ਪਰਖਦਾ ਵੀ ਹੈ। ਕਵਿਤਾ ਉਸ ਲਈ ਨਿਰੀ ਬੰਸਰੀ ਜਾਂ ਨਿਰਾ ਖਿਡੌਣਾ ਹੀ ਨਹੀਂ ਹੈ। ਕਵਿਤਾ ਉਸ ਲਈ ਜ਼ਿੰਦਗੀ ਦੀ ਤਲਾਸ਼ਣ ਤੇ ਤਰਾਸ਼ਣ ਵਾਲਾ ਸੰਦ ਵੀ ਹੈ ਤੇ ਜ਼ਿੰਦਗੀ ਦੇ ਦੁਸ਼ਮਣਾਂ ਲਈ ਹਥਿਆਰ ਵੀ ਹੈ। ਕਵਿਤਾ ਉਸ ਲਈ ਜ਼ਿੰਦਗੀ ਨੂੰ ਸਮਝਣ ਵਾਲਾ ਦ੍ਰਿਸ਼ਟੀਕੋਣ ਵੀ ਹੈ।

ਕਵਿਤਾ ਪ੍ਰੇਮਿਕਾ ਦੇ ਨੈਣਾਂ ਵਿੱਚ
ਸ਼ਰਾਬ ਦੇ ਕਟੋਰੇ ਵਰਗੀ ਵੀ ਹੁੰਦੀ ਹੈ
ਤੇ ਸਰਦੀ ਰੁੱਤ ਵਿੱਚ
ਮਜ਼ਦੂਰ ਦੇ ਬੱਚੇ ਦੇ
ਉੱਧੜੇ ਹੋਏ ਝੱਗੇ ਵਰਗੀ ਵੀ।

ਕਵਿਤਾ ਪ੍ਰਤੀ ਇਸ ਆਤਮ ਕਥਨ ਤੋਂ ਬਾਅਦ ਇਸ ਸੰਗ੍ਰਹਿ ਦੇ ਤਿੰਨ ਭਾਗ ਹਨ। ਇੱਕ ਲੰਮੀ ਕਵਿਤਾ 'ਪੀਆ ਤੇ ਪਪੀਹਾ', ਗਜ਼ਲਾਂ ਤੇ ਗੀਤ। 'ਕਾਲਾ ਸੂਰਜ' ਉਸ ਦਾ ਪਹਿਲਾ ਕਾਵਿ ਸੰਗ੍ਰਹਿ ਸੀ। ਜੋ 1986 ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸ ਤੋਂ ਪੰਦਰਾਂ ਸਾਲਾਂ ਬਾਅਦ ਇਹ ਤੀਜਾ ਸੰਗ੍ਰਹਿ ਪਾਠਕਾਂ ਸਨਮੁੱਖ ਆ ਰਿਹਾ ਹੈ। ਪਹਿਲੀ ਪੁਸਤਕ ਬਾਰੇ ਮੈਂ ਕਿਹਾ ਸੀ, " ਇੱਕ ਮਿਹਨਤਕਸ਼, ਕਿਰਤੀ ਕਾਮੇ, ਲੋਕ ਸੰਘਰਸ਼ਾਂ ਵਿੱਚ ਜੂਝ ਰਹੇ ਤੇ ਪਰਤ ਰਹੇ, ਫਿਰਕਾਪ੍ਰਸਤੀ ਦੀ ਚੱਕੀ ਵਿੱਚ ਪਿੱਸ ਰਹੇ, ਮੰਡੀਆਂ ਵਿੱਚ ਲੁਟੇ ਜਾ ਰਹੇ, ਬੇਰੁਜ਼ਗਾਰੀ ਦੀ ਤਪਦੀ ਸੜਕ ਤੇ ਭੁੱਜ ਰਹੇ ਇੱਕ ਬੇਵੱਸ ਆਦਮੀ ਦੀ ਗਾਥਾ ਹੈ। ਜਿਸ ਦੀਆਂ ਅੱਖਾਂ ਨਮ ਤਾਂ ਹਨ ਪਰ ਸੁਪਨਹੀਣ ਨਹੀਂ, ਜੋ ਥੱਕ ਤਾਂ ਗਿਆ ਹੈ ਪਰ ਮੰਜ਼ਿਲ ਦੀ ਤਲਾਸ਼ ਵਿੱਚ ਹੈ। ਸਰਮਾਏਦਾਰੀ ਤੇ ਧਰਮਮੁਖੀ ਰਾਜ ਪ੍ਰੰਬਧ ਦੇ ਘੀਚ ਘਚੋਲੇ ਵਿੱਚ ਜਿਸ ਦੇ ਹੱਥੋਂ ਜ਼ਿੰਦਗੀ ਦੇ ਅਰਥ ਗੁਆਚ ਗਏ ਹਨ ਜਾਂ ਬੇਪਛਾਣ ਹੋ ਗਏ ਹਨ। ਅਜਿਹੇ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਹੀ ਜਰਨੈਲ ਦੀ ਕਵਿਤਾ ਹੈ। "

ਇਸ ਸੰਗ੍ਰਹਿ ਵਿੱਚ ਵੀ ਅੱਚਰਵਾਲ ਜ਼ਿੰਦਗੀ ਦੇ ਉਹਨਾਂ ਅਰਥਾਂ ਦੀ ਤਲਾਸ਼ ਵਿੱਚ ਹੈ। ਪਰ ਫਰਕ ਏਨਾ ਹੈ ਕਿ ਪਹਿਲਾਂ ਉਹ ਨਿਰਾ ਬਾਹਰਮੁੱਖੀ ਹੋਕੇ ਲੱਭਦਾ ਸੀ ਪਰ ਹੁਣ ਉਹਨੂੰ ਸਮਝ ਆ ਗਈ ਹੈ ਕਿ 'ਆਪਾ' ਮਨਫ਼ੀ ਕੀਤੇ ਬਿਨ੍ਹਾਂ ਇਹ ਸਵਾਲ ਹੱਲ ਨਹੀਂ ਹੋਣਾ। ਸਵਾਲ ਦੀ ਜੇ ਇਬਾਰਤ ਹੀ ਨਹੀਂ ਤਾਂ ਉਤਰ ਕਿਥੋਂ ਮਿਲੇਗਾ। ਇਸ ਲਈ ਉਹਨੂੰ ਲੱਗਦਾ ਰਿਹਾ ਹੈ ਕਿ ਆਖਣ ਲਈ ਕੁੱਝ ਨਹੀਂ ਰਿਹਾ ਤੇ ਜੋ ਬਚ

ਗਿਆ ਹੈ, ਤਾਂ ਉਸਨੂੰ ਕਹਿਣ ਲਈ ਸੁੱਝ ਨਹੀਂ ਰਿਹਾ। ਮੋਹ ਦੇ ਨੀਰ ਨਾਲ ਛਲ ਛਲ ਕਰਦੇ ਚਸ਼ਮਿਆਂ ਤੋਂ ਬਿਨਾਂ ਵਾਦੀਆਂ ਦੀ ਕਹਾਣੀ ਨਹੀਂ ਕਹੀ ਜਾ ਸਕਦੀ। ਇਹ ਕਹਾਣੀ ਕਹਿਣ ਲਈ ਤਾਂ ਅੰਤਰ ਮੁੱਖੀ ਹੋਣਾ ਪਵੇਗਾ। ਆਪਣੇ ਮਨ ਨਾਲ ਸੰਵਾਦ ਕਰਨੇ ਪੈਣਗੇ। ਸੰਘਰਸ਼ ਤੋਂ ਸੰਗੀਤ ਵੱਲ ਮੁੜਨਾ ਪਵੇਗਾ। ਆਪਣੀ ਲੰਮੀ ਕਵਿਤਾ 'ਪੀਆ ਤੇ ਪਪੀਹਾ' ਵਿੱਚ ਕਵੀ ਨੇ ਬਹਾਰ ਵਰਗੀ ਮੁਟਿਆਰ ਕੁੜੀ ਦਾ ਤੇ ਕਣਕਾਂ ਸਰ੍ਹ ਵਾਂ ਦਾ ਚਿੰਨ ਲੈ ਕੇ ਜ਼ਿੰਦਗੀ ਦੇ ਸਰੋਕਾਰਾਂ ਨੂੰ ਭਾਵਾਂ ਦੀ ਪੱਧਰ ਤੇ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਇੱਕ ਪਾਸੇ ਖੇਤੀ ਤੇ ਕੁਦਰਤ ਦਾ ਵਰਤਾਰਾ ਹੈ। ਬੇਵਸੀਆਂ, ਮੁਸ਼ਕਲਾਂ ਤੇ ਤੰਗੀਆਂ ਦਾ ਵਾਪਰਨਾ ਹੈ ਤੇ ਦੂਜੇ ਪਾਸੇ ਮੁਟਿਆਰ ਦੀਆਂ ਸਧਰਾਂ ਦਾ ਮੁਰਝਾ ਜਾਣਾ ਤੇ ਸੁੱਕ ਜਾਣਾ ਹੈ। ਕੁੜੀ ਤੇ ਪਪੀਹੇ ਦਾ ਸੰਵਾਦ ਸੰਬੇਦਨਸ਼ੀਲ ਪਿਆਰ ਦੇ ਭਾਵਾਂ ਦੀ ਤਰਜਮਾਨੀ ਹੈ ਜੋ ਮੁੱਢ ਕਦੀਮਾਂ ਤੋਂ ਜੁਆਨ ਰੂਹ ਦੀ ਤਲਬ ਦਾ ਪ੍ਰਗਟਾਵਾ ਹੈ। ਇਸ ਕਵਿਤਾ ਨਾਲ ਜਰਨੈਲ ਅੱਚਰਵਾਲ ਸੰਘਰਸ਼ਾਂ ਤੇ ਲੋਕ ਹਿਤਾਂ ਦੀ ਸ਼ਾਇਰੀ ਵਲੋਂ ਲੋਕ ਮਨਾਂ ਦੀ ਸ਼ਾਇਰੀ ਵੱਲ ਮੁੜਿਆ ਹੈ ਜੋ ਉਸ ਦੀ ਕਾਵਿ-ਯਾਤਰਾ ਦਾ ਇੱਕ ਸੁਹਿਰਦ ਤੇ ਸ਼ਕਤੀਸ਼ਾਲੀ ਮੋੜ ਹੈ। ਜਿਸਨੂੰ ਮੈਂ ਸੰਘਰਸ਼ ਤੋਂ ਸੰਗੀਤ ਵੱਲ ਮੁੜਨਾ ਕਿਹਾ ਹੈ। ਪਰ ਕਵੀ ਜ਼ਿੰਦਗੀ ਦੇ ਵਾਸਤਵਿਕ ਯਥਾਰਥ ਤੋਂ ਦੂਰ ਨਹੀਂ ਹੋਇਆ ਸਗੋਂ ਇੱਕ ਸੰਵੇਦਨਸ਼ੀਲ ਲਹਿਜ਼ੇ ਵਿੱਚ ਉਹ ਗਰੀਬ ਬਾਪ ਦੀਆਂ ਉਹਨਾਂ ਤਮਾਮ ਮਜ਼ਬੂਰੀਆਂ ਤੇ ਮੁਸੀਬਤਾਂ ਨੂੰ ਦਰਸਾਉਂਦਾ ਹੈ ਜੋ ਆਪਣੀ ਜੁਆਨ ਹੋ ਚੁੱਕੀ ਧੀ ਦੇ ਹੱਥ ਪੀਲੇ ਕਰਨ ਤੋਂ ਅਸਮਰਥ ਹੈ। ਪਰ ਕਦੇ ਸੋਕਾ ਤੇ ਕਦੇ ਹੜ੍ਹ ਸੱਧਰਾਂ ਦਾ ਕਤਲ ਕਰਦੇ ਰਹੇ:

ਬਾਪੂ ਨੇ ਜੋ ਸੀ ਸੋਚਿਐ
ਕਣਕਾਂ ਦੇ ਘਰ ਆਉਣ ਤੇ
ਵਿਆਹ ਮੇਰੇ ਨੂੰ ਧਰੇਗਾ
ਖੁਸ਼ੀਆਂ ਨਾਲ ਡੋਲਾ ਤੋਰ ਕੇ
ਬੇਸੰਸ ਹੋ ਕੇ ਰਹੇਗਾ।
ਇਹ ਸਕੀਮਾਂ ਸਨ ਸੋਚੀਆਂ
ਵਿੱਚੇ ਹੀ ਫਿਰ ਰਹਿ ਗਈਆਂ
ਆਸਾਂ ਤੇ ਪਾਣੀ ਫਿਰ ਗਿਆ
ਤੇ ਸਭ ਬੁਰਜੀਆਂ ਢੈ ਗੀਆਂ।

ਸੰਗ੍ਰਹਿ ਦੇ ਤੀਜੇ ਹਿੱਸੇ ਵਿੱਚ ਗੀਤ ਹਨ। ਇਹਨਾਂ ਗੀਤਾਂ ਦੇ ਵਿਸ਼ੇ ਵੰਨ-ਸੁਵੰਨੇ ਹਨ। ਕਿਤੇ ਹਿੱਕਾਂ ਵਿੱਚ ਉਠਦੇ ਉਬਾਲਿਆਂ ਦਾ ਜ਼ਿਕਰ ਹੈ ਤੇ ਕਿਤੇ ਦੇਸ਼ ਕੌਮ ਲਈ ਦਿੱਤੀਆਂ ਸ਼ਹੀਦੀਆਂ ਦੇ ਰੌਂਗਟੇ ਖੜੇ ਕਰਨ ਵਾਲੇ ਵਲਵਲੇ ਹਨ। ਇੱਕ ਪਾਸੇ ਕਿਰਤ ਦੀ ਲੁੱਟ ਦਾ ਬੇਕਿਰਕ ਵਰਨਣ ਹੈ ਤਾਂ ਦੂਜੇ ਪਾਸੇ ਹੋਣੀ ਦੇ ਪਰਛਾਵਿਆਂ ਦੀ ਗੱਲ ਵੀ ਹੈ। ਕਵੀ ਦੇਸ਼ ਭਗਤੀ ਦੇ ਜਜ਼ਬਿਆਂ ਵਿਚ ਵੀ ਕਾਵਿਕ ਬੋਲ ਕਹਿੰਦਾ ਆਪਣੇ ਦੇਸ਼ ਪ੍ਰਤੀ ਮੋਹ ਦਾ ਪ੍ਰਗਟਾਵਾ ਕਰਦਾ ਹੈ। ਕਈ ਥਾਵਾਂ ਤੇ ਜ਼ਜਬਾਤ ਏਨੇ ਭਾਰੂ ਹੋ ਜਾਂਦੇ ਹਨ ਕਿ ਕਵੀ ਪ੍ਰਚਾਰਕ ਲਗਣ ਲੱਗ ਪੈਂਦਾ ਹੈ। ਜੇ ਇਸ ਤੋਂ ਬਚਾਅ ਜੋ ਜਾਂਦਾ ਤਾਂ ਕਵੀ ਸਸਤੀ ਸ਼ੁਹਰਤ ਤੋਂ ਬਚ ਸਕਦਾ ਸੀ। ਪਰ ਫਿਰ ਵੀ ਇਹਨਾਂ ਵਿੱਚ ਵਿਸ਼ੇ ਦੀ ਵਿਵਿਧਤਾ, ਸ਼ਬਦਾਂ ਦੀ ਰਵਾਨਗੀ, ਲੈਅ ਤੇ ਮਿਠਾਸ ਉਸਦੀ ਕਾਵਿ ਕਲਾ ਦੇ ਹਾਸਲ ਬਣਦੇ ਹਨ। ਕੁੱਝ ਗੀਤਾਂ ਦੀਆਂ ਟੁਕੜੀਆਂ ਵੇਖਣ ਯੋਗ ਹਨ:

ਦੀਵਿਆਂ ਦੇ ਵਿੱਚ ਤੇਲ
ਖ਼ੂਨ ਦਾ ਹੈ ਬਾਲਤਾ।
ਪਾਥੀਆਂ ਦੀ ਥਾਏਂ ਅਸੀਂ
ਹੱਡੀਆਂ ਨੂੰ ਜਾਲਤਾ।
ਕਹਿਰਾਂ ਦੀਆਂ ਸਿਰਾਂ ਉਤੋਂ
ਲਹੀਆਂ ਨਾ ਪੰਜਾਲੀਆਂ।

ਦਿੰਦੀ ਹਾਂ ਦਿਲਾਸਾ ਉੱਤੋਂ
ਵਿਚੋਂ ਰੋਵਾਂ ਆਪ ਵੇ।
ਬਦੀਆਂ ਦੀ ਜੰਗ ਵਿੱਚ
ਮੋਇਆ ਥੋਡਾ ਬਾਪ ਵੇ।

ਕਿਣ ਮਿਣ, ਕਿਣ ਮਿਣ, ਕਣੀਆਂ ਦੀ ਤਾਂ ਹੋਈ ਹੈ।
ਕੋਈ ਵਿਯੋਗਣ ਬੈਠੀ ਅੰਬਰੀਂ ਰੋਈ ਹੈ।

ਮੇਰੇ ਸਬਰਾਂ ਦੇ ਦੁੱਧ ਨੂੰ ਹੈ ਚੁੱਲ੍ਹੇ ਚਾੜ੍ਹ ਕੇ।

ਨੀ ਉਹ ਹਿਜਰਾਂ ਦੀ ਮੱਠੀ ਮੱਠੀ ਅੱਗ ਬਾਲ ਕੇ।
ਪਿਆ ਮੈਨੂੰ ਪਰਤਿਆਵੇ, ਜਾਣ ਬੁੱਝ ਕੇ ਸਤਾਵੇਂ
ਨੀ ਉਹ ਜਿੱਤਿਆ ਤੇ ਮੈਂ ਹਾਂ ਹਾਰੀ ਅੜੀਓ।

ਕਵੀ ਨੇ ਆਪਣੇ ਇਸ ਸੰਗ੍ਰਹਿ ਵਿੱਚ ਗਜ਼ਲਾਂ ਵੀ ਸ਼ਾਮਲ ਕੀਤੀਆਂ ਹਨ। ਇਹਨਾਂ ਗਜ਼ਲਾਂ ਵਿੱਚ ਕਵੀ ਨੇ ਪਿਆਰ, ਰਿਸ਼ਤੇ, ਅਮਲ, ਗਤੀ, ਬੇਵਸੀ ਆਦਿ ਦਾ ਜ਼ਿਕਰ ਕੀਤਾ ਹੈ। ਇੱਥੇ ਵੀ ਉਸ ਦੀ ਚਿੰਤਾ ਜ਼ਿੰਦਗੀ ਦੇ ਅਰਥਾਂ ਜਾਂ ਸਰੋਕਾਰਾਂ ਤੋਂ ਪਰ੍ਹ ਾਂ ਨਹੀਂ ਜਾਂਦੀ।

ਵਿਦਵਤਾ ਦਾ ਲੱਖ ਢੰਡੋਰਾ ਦੇ ਦਿਓ
ਅਮਲ ਬਾਝੋਂ ਜਾਣਾ ਨਾ ਸਤਿਕਾਰਿਆ। (ਅਮਲ)

ਮੋੜਦੇ ਨਾ ਰੱਖ ਭਾਜੀ ਪਿਆਰ ਦੀ,
ਪਿਆਰ ਵਿੱਚ ਜ਼ਿੰਦਗੀ ਹੈ ਪਿਆਰਿਆ (ਪਿਆਰ)

ਗਤੀ ਦਾ ਨਾਂ ਹੀ ਹੈ ਅਸਲ ਜ਼ਿੰਦਗੀ
ਗਤੀ ਬਾਝੋਂ ਆਦਮੀ ਹੈ ਹਾਰਿਆ। (ਗਤੀ)

ਰਿਸ਼ਤੇ ਵੀ ਖੇਰੂੰ ਖੇਰੂੰ ਨੇ
ਹਰ ਘਰ ਦੇ ਵਿੱਚ ਲੜਾਈ ਹੈ। (ਰਿਸ਼ਤੇ)

ਅਜਿਹੇ ਸਰੋਕਾਰਾਂ ਤੋਂ ਬਿਨਾਂ ਕਵੀ ਪੰਜਾਬ ਦੇ ਸੰਤਾਪੇ ਦਿਨਾਂ ਦੀ ਗੱਲ ਵੀ ਕਰਦਾ ਹੈ, ਦੁਖੀ ਵੀ ਹੁੰਦਾ ਹੈ ਤੇ ਫਿਰ ਸੁਖਮਈ ਦਿਨਾਂ ਦੀ ਤਲਬ ਵੀ ਕਰਦਾ ਹੈ। ਇਹਨਾਂ ਗਜ਼ਲਾਂ ਵਿੱਚ ਬਹੁਤ ਕੁੱਝ ਕਿਹਾ ਤੇ ਅਣ ਕਿਹਾ ਹੈ :

ਪਹਿਰਾ ਅਜੇ ਵੀ ਸਾਡੀਆਂ ਨੀਂਦਾਂ ਤੇ ਖੌਫ਼ ਦਾ,
ਅਣਜਾਣ ਪਹਿਰੇਦਾਰ ਹੈ ਜੋ ਬੁੱਝ ਨਹੀਂ ਰਿਹਾ।

ਬੀਤਿਆ ਜੋ ਬੀਤਿਆ ਚੰਗਾ ਨੀ ਬੀਤਿਆ,
ਮੁੜਕੇ ਨਾ ਦੁਹਰਾਓ ਜੋ ਖ਼ੂਨੀ ਖ਼ਾਬ ਹੈ।

ਸੋ ਇਸ ਤਰ੍ਹ ਾਂ ਮੈਂ ਜਰਨੈਲ ਅੱਚਰਵਾਲ ਦੀਆਂ ਕਾਵਿਕ ਪੈੜਾਂ ਦੀ ਨਿਸ਼ਾਨਦੇਹੀ ਕਰਦਾ ਲੰਘਿਆ ਹਾਂ। ਇਹਨਾਂ ਪੈੜਾਂ ਨੇ ਮੈਨੂੰ ਮੋਹਿਆ ਵੀ ਹੈ, ਪ੍ਰਭਾਵਿਤ ਵੀ ਕੀਤਾ ਹੈ ਕਿਤੇ ਕਿਤੇ ਸੰਬਾਦ ਰਚਾਕੇ ਸੰਦੇਸ਼ ਵੀ ਦਿੱਤਾ ਹੈ। ਖ਼ੁਸ਼ੀ ਦੀ ਤੇ ਸਾਰਥਿਕ ਗੱਲ ਇਹ ਹੈ ਕਿ ਉਸ ਦੀ ਕਿਸੇ ਵੀ ਪੈੜ ਨੇ ਮੈਨੂੰ ਨਿਰਾਸ਼ ਨਹੀਂ ਕੀਤਾ। ਕਵੀ ਜ਼ਿੰਦਗੀ ਨੂੰ ਮੋਹ ਕਰਦਾ ਹੈ। ਚੰਗੇਰੀ ਜ਼ਿੰਦਗੀ ਉਸਦਾ ਸੁਪਨਾ ਹੈ ਤੇ ਹਉਂਕਿਆਂ ਦੀ ਥਾਂ ਹਾਸੇ, ਹੰਝੂਆਂ ਦੀ ਥਾਂ ਖੇੜੇ ਚਾਹੁੰਦਾ ਹੈ। ਅਜਿਹੀਆਂ ਸੋਚਾਂ ਤੇ ਸੁਪਨਿਆਂ ਦੀ ਗਵਾਹੀ ਉਸਦੀ ਕਵਿਤਾ ਹੈ। ਮੈਂ ਪਾਠਕਾਂ ਨੂੰ ਕਹਿਣਾ ਚਾਹਾਂਗਾ ਕਿ ਜ਼ਿੰਦਗੀ ਨੂੰ ਸਮਝਣ ਲਈ ਉਸਦੀ ਕਵਿਤਾ ਨੂੰ ਪੜ੍ਹੋ ਤੇ ਇਸ ਦੇ ਨਾਲ ਹੀ ਪਹਿਲੇ ਸੰਗ੍ਰਹਿ ਤੋ ਤੀਜੇ ਸੰਗ੍ਰਹਿ ਤੱਕ ਉਸਦੇ ਕਾਵਿ – ਵਿਕਾਸ ਨੂੰ ਜੀ ਆਇਆਂ ਆਖਦਾ ਹਾਂ।

**- ਪ੍ਰੋ. ਰਵਿੰਦਰ ਭੱਠਲ**
ਮੁੱਖੀ ਪੰਜਾਬੀ ਵਿਭਾਗ
ਐਸ. ਡੀ. ਕਾਲਜ,
ਬਰਨਾਲਾ।

All Copy Rights Tarknharti Soloutions Barnala.
E-mail : tarksheel@yahoo.com